

# ਕੰਮ ਹੀ ਇਸ ਦਾ ਮੂਲ ਉਦੇਸ਼

ਯਹੋਵਾਹ ਪਰਮੇਸ਼ੁਰ ਨੇ ਉਸ ਆਦਮੀ ਨੂੰ ਲੈ ਕੇ ਅਦਨ ਦੇ ਬਾਗ਼ ਵਿੱਚ
ਰੱਖਿਆ ਤਾਂ ਜੋ ਉਹ ਉਸ ਦੀ ਵਾਹੀ ਤੇ ਰਾਖੀ ਕਰੇ। (ਉਤਪਤ 2:15)

**ਆਸ਼ਿਸ਼ ਰਾਏਚੂਰ**

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2024

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫ਼ਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi - Work - Its Original Design)

# ਕੰਮ ਹੀ ਇਸ ਦਾ ਮੂਲ ਉਦੇਸ਼

ਯਹੋਵਾਹ ਪਰਮੇਸ਼ੁਰ ਨੇ ਉਸ ਆਦਮੀ ਨੂੰ ਲੈ ਕੇ ਅਦਨ ਦੇ ਬਾਗ਼ ਵਿੱਚ ਰੱਖਿਆ ਤਾਂ ਜੋ ਉਹ ਉਸ ਦੀ ਵਾਹੀ ਤੇ ਰਾਖੀ ਕਰੇ। (ਉਤਪਤ 2:15)

# ਵਿਸ਼ਾ-ਸੂਚੀ


1. ਇੱਕ ਸੰਪੂਰਨ ਸੰਸਾਰ ਵਿੱਚ ਕੰਮ ਕਰਨਾ 1

2. ਕੰਮ ਵਾਲੀ ਥਾਂ — ਪਤਨ ਦਾ ਅਸਰ ਸਲੀਬ ਦਾ ਪ੍ਰਭਾਵ 8

3. ਅਪੂਰਨ ਸੰਸਾਰ ਵਿੱਚ ਕੰਮ ਕਰਨਾ 17

# 1
# ਇੱਕ ਸੰਪੂਰਨ ਸੰਸਾਰ ਵਿੱਚ ਕੰਮ ਕਰਨਾ

ਉਤਪਤ ਦੀ ਪੁਸਤਕ ਦੇ ਪਹਿਲੇ ਤਿੰਨ ਅਧਿਆਇਆਂ ਵਿੱਚ ਪਰਮੇਸ਼ੁਰ ਦੁਆਰਾ ਧਰਤੀ ਉੱਤੇ ਚੀਜ਼ਾਂ ਨੂੰ ਬਣਾਉਣ ਅਤੇ ਵਿਵਸਥਿਤ ਕਰਨ ਦਾ ਵਰਣਨ ਕੀਤਾ ਗਿਆ ਹੈ। ਅਸੀਂ ਮਨੁੱਖਜਾਤੀ ਦੇ ਉਦੇਸ਼ ਅਤੇ ਰਚਨਾ ਅਤੇ ਪਰਮੇਸ਼ੁਰ ਦੁਆਰਾ ਸਾਨੂੰ ਦਿੱਤੇ ਗਏ ਹੁਕਮ ਨੂੰ ਵੀ ਦੇਖਦੇ ਹਾਂ। ਹੇਠਾਂ ਕੁਝ ਨਿਰੀਖਣ ਹਨ ਜੋ ਅਸੀਂ "ਕੰਮ" ਦੇ ਸਬੰਧ ਵਿੱਚ ਕਰ ਸਕਦੇ ਹਾਂ।

## ਸਾਨੂੰ ਰਚਨਾਤਮਕ ਬਣਨ ਲਈ ਰਚਿਆ ਗਿਆ ਹੈ

ਸਾਨੂੰ ਪਰਮੇਸ਼ੁਰ ਦੇ ਸਰੂਪ ਅਤੇ ਸਮਾਨਤਾ ਵਿੱਚ ਰਚਿਆ ਗਿਆ ਹੈ। ਸਾਨੂੰ ਉਸ ਦੇ ਆਪਣੇ ਸਰੂਪ ਅਤੇ ਸਮਾਨਤਾ ਵਿੱਚ ਰਚਨ ਦਾ ਪਰਮੇਸ਼ੁਰ ਦਾ ਉਦੇਸ਼ ਇਹ ਸੀ ਕਿ ਉਹ (ਪਰਮੇਸ਼ੁਰ) ਸਾਡੇ ਦੁਆਰਾ ਇੱਥੇ ਧਰਤੀ ਉੱਤੇ ਦੁਬਾਰਾ ਪੈਦਾ ਕੀਤਾ, ਦਰਸਾਇਆ ਅਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ ਪਰਮੇਸ਼ੁਰ ਦੇ ਬਹੁਤ ਸਾਰੇ ਗੁਣਾਂ ਵਿੱਚੋਂ ਇੱਕ ਗੁਣ ਇਹ ਹੈ ਕਿ ਉਹ ਰਚਨਹਾਰ ਹੈ ਅਤੇ ਇਸ ਲਈ, ਉਹ ਰਚਨਾਤਮਕ ਹੈ। ਇਸ ਲਈ, ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਲੋਕਾਂ ਦੀ ਰਚਨਾ ਪਰਮੇਸ਼ੁਰ ਦੇ ਸੁਭਾਅ ਦੇ ਇਸ ਪਹਿਲੂ ਨੂੰ ਪ੍ਰਗਟ ਕਰਨ ਲਈ ਕੀਤੀ ਗਈ ਸੀ। ਸਾਨੂੰ ਰਚਨਾਤਮਕ ਬਣਨ ਲਈ ਰਚਿਆ ਗਿਆ ਹੈ। ਜਦੋਂ ਆਦਮ ਅਤੇ ਹੱਵਾਹ ਨੇ ਅਤੇ ਸਾਰੇ ਮਨੁੱਖਾਂ ਵਿੱਚ ਫਲਣਾ, ਵਧਣਾ, ਧਰਤੀ ਨੂੰ ਭਰਨਾ ਅਤੇ ਧਰਤੀ ਉੱਤੇ ਰਾਜ ਕਰਨਾ ਸੀ - ਉਨ੍ਹਾਂ ਧਰਤੀ ਉੱਤੇ ਉਨ੍ਹਾਂ ਕੰਮਾਂ ਦੁਆਰਾ ਪਰਮੇਸ਼ੁਰ ਦੀਆਂ ਰਚਨਾਤਮਕ ਯੋਗਤਾਵਾਂ ਨੂੰ ਵੀ ਪ੍ਰਗਟ ਕਰਨਾ ਸੀ ਜੋ ਉਨ੍ਹਾਂ ਨੇ ਧਰਤੀ ਉੱਤੇ ਪੂਰੇ ਕੀਤੇ। ਸੁਭਾਵਿਕ ਤੌਰ 'ਤੇ, ਪਰਮੇਸ਼ੁਰ ਦਾ ਉਦੇਸ਼ ਇਹ ਸੀ ਕਿ ਲੋਕ ਉਸ ਦੀ ਰਚਨਾ ਦੀ ਖੋਜ ਕਰਨ ਅਤੇ ਜੋ ਕੁਝ ਉਸ ਨੇ ਆਪਣੀ ਰਚਨਾ ਵਿੱਚ ਰੱਖਿਆ ਹੈ ਉਸ ਨਾਲ ਅਦਭੁੱਤ ਕੰਮ ਕਰਨ।

## ਸਾਨੂੰ ਕੰਮ ਕਰਨ ਲਈ ਰਚਿਆ ਗਿਆ ਹੈ

*"ਯਹੋਵਾਹ ਪਰਮੇਸ਼ੁਰ ਨੇ ਉਸ ਆਦਮੀ ਨੂੰ ਲੈ ਕੇ ਅਦਨ ਦੇ ਬਾਗ਼ ਵਿੱਚ ਰੱਖਿਆ*

*ਤਾਂ ਜੋ ਉਹ ਉਸ ਦੀ ਵਾਹੀ ਤੇ ਰਾਖੀ* (ਰੱਖਿਆ) *ਕਰੇ"* (ਉਤਪਤ 2:15)। ਪਰਮੇਸ਼ੁਰ ਨੇ ਆਦਮ ਨੂੰ ਅਦਨ ਦੇ ਬਾਗ਼ ਵਿੱਚ ਰੱਖਿਆ ਅਤੇ ਉਸ ਨੂੰ ਕੁਝ ਜ਼ਿੰਮੇਵਾਰੀਆਂ ਦਿੱਤੀਆਂ। ਆਦਮ ਨੇ ਬਾਗ਼ ਦੀ ਵਾਹੀ ਅਤੇ ਖੇਤੀ ਕਰਨੀ ਸੀ, ਜਿਸ ਦਾ ਮਤਲਬ ਇਹ ਸੀ ਕਿ ਉਸ ਕੋਲ ਕਰਨ ਲਈ ਕੰਮ ਸੀ। ਪਰਮੇਸ਼ੁਰ ਨੇ ਮਨੁੱਖ ਦੇ ਪਤਨ ਤੋਂ ਪਹਿਲਾਂ ਹੀ ਅਦਨ ਦੇ ਬਾਗ਼ ਵਿੱਚ ਕੰਮ ਸ਼ੁਰੂ ਕਰ ਦਿੱਤਾ ਸੀ। ਕੰਮ ਦੀ ਸ਼ੁਰੂਆਤ ਪਰਮੇਸ਼ੁਰ ਦੁਆਰਾ ਕੀਤੀ ਗਈ ਸੀ ਅਤੇ ਇਸ ਲਈ, ਕੰਮ ਇੱਕ ਚੰਗੀ ਚੀਜ਼ ਹੈ। ਪਰਮੇਸ਼ੁਰ ਨੇ ਵਿਆਹ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਹੀ ਕੰਮ ਦੀ ਸ਼ੁਰੂਆਤ ਕਰ ਦਿੱਤੀ ਸੀ।

ਆਦਮ ਨੇ ਅਦਨ ਦੇ ਬਾਗ਼ ਦੀ ਸ਼ੈਤਾਨ ਕੋਲੋਂ ਵੀ ਰਾਖੀ ਕਰਨੀ ਸੀ, ਜਿਹੜਾ ਸਪੱਸ਼ਟ ਤੌਰ 'ਤੇ ਉਸ ਵਿੱਚ ਵੜਨ ਦੀ ਦਿਲਚਸਪੀ ਰੱਖਦਾ ਸੀ, ਜੋ ਪਰਮੇਸ਼ੁਰ ਨੇ ਮਨੁੱਖਜਾਤੀ ਨੂੰ ਸੌਂਪਿਆ ਸੀ। ਜਦੋਂ ਤੱਕ ਆਦਮ ਪਰਮੇਸ਼ੁਰ ਦੀ ਮਹਿਮਾ ਪਰਮੇਸ਼ੁਰ ਦੇ ਸਰੂਪ ਅਤੇ ਸਮਾਨਤਾ ਦੇ ਨਾਲ ਪਰਮੇਸ਼ੁਰ ਦੇ ਅਧੀਨ ਹੋ ਕੇ ਚੱਲਦਾ ਰਿਹਾ, ਤਦ ਤੱਕ, ਪਰਮੇਸ਼ੁਰ ਦੀ ਹਜ਼ੂਰੀ ਵਿੱਚ, ਆਦਮ ਸਫ਼ਲਤਾਪੂਰਵਕ ਦੁਸ਼ਮਣ (ਸ਼ੈਤਾਨ) ਨੂੰ ਬਾਹਰ ਰੱਖਣ ਅਤੇ ਉਸ ਨੂੰ ਸੌਂਪੀ ਗਈ ਚੀਜ਼ ਦੀ ਰੱਖਿਆ ਕਰਨ ਵਿੱਚ ਸਮਰੱਥ ਸੀ। ਇਸ ਤੋਂ ਇਲਾਵਾ, ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਜੋ ਜ਼ਿੰਮੇਵਾਰੀ ਆਦਮ ਨੂੰ ਬਾਗ਼ ਵਿੱਚ ਦਿੱਤੀ ਗਈ ਸੀ, ਉਹ ਆਦਮ ਦੀ ਨਸਲ ਦੁਆਰਾ ਸਾਰੀ ਧਰਤੀ ਉੱਤੇ ਫੈਲਾਈ ਜਾਣੀ ਸੀ।

## ਹੱਵਾਹ ਨੂੰ ਕੰਮ ਵਾਲੀ ਥਾਂ 'ਤੇ ਸਹਾਇਕਣ ਬਣਨ ਲਈ ਰਚਿਆ ਗਿਆ ਸੀ

ਪਰਮੇਸ਼ੁਰ ਨੇ ਹੱਵਾਹ ਨੂੰ *"ਉਹ ਦੇ ਵਾਂਙੁ ਇੱਕ ਸਹਾਇਕਣ"* (ਉਤਪਤ 2:18) ਬਣਨ ਲਈ ਰਚਿਆ ਸੀ। ਹੱਵਾਹ ਨੂੰ ਆਦਮ ਦੀ ਸਹਾਇਕਣ ਬਣਨ ਲਈ, ਆਦਮ ਨੂੰ ਇਕੱਲੇਪਣ ਤੋਂ ਦੂਰ ਰਹਿਣ ਲਈ ਅਤੇ ਇਸ ਦੇ ਨਾਲ ਹੀ, ਇੱਕ ਅਜਿਹਾ ਵਿਅਕਤੀ ਬਣਨ ਲਈ ਰਚਿਆ ਗਿਆ ਸੀ ਜੋ ਬਾਗ਼ ਵਿੱਚ ਉਸ ਦੀਆਂ ਜ਼ਿੰਮੇਵਾਰੀਆਂ ਵਿੱਚ ਉਸ ਦੇ ਨਾਲ ਮਿਲ ਕੇ ਮਿਹਨਤ ਮਜ਼ਦੂਰੀ ਅਤੇ ਭਾਈਵਾਲੀ ਕਰ ਸਕੇ। ਇਸ ਵਿੱਚ ਉਹ ਹੁਕਮ ਸ਼ਾਮਿਲ ਹੋਣਾ ਸੀ ਜੋ ਆਦਮ ਨੂੰ ਬਾਗ਼ ਦੀ ਵਾਹੀ ਅਤੇ ਰਾਖੀ ਕਰਨ ਲਈ ਪਰਮੇਸ਼ੁਰ ਤੋਂ ਮਿਲਿਆ ਸੀ। ਹੱਵਾਹ ਦੀ ਬਾਗ਼ ਵਿੱਚ ਇੱਕ ਜਗ੍ਹਾ ਸੀ ਅਤੇ ਉਸ ਨੇ ਬਾਗ਼ ਦੀ ਵਾਹੀ ਅਤੇ ਰਾਖੀ ਕਰਨ ਵਿੱਚ ਆਦਮ ਨਾਲ ਇੱਕ ਭੂਮਿਕਾ ਨਿਭਾਉਣੀ ਸੀ। ਔਰਤਾਂ ਨੂੰ ਪਰਮੇਸ਼ੁਰ ਦੁਆਰਾ

ਮਨੁੱਖਜਾਤੀ ਉੱਤੇ ਦਿੱਤੇ ਗਏ ਹੁਕਮ ਵਿੱਚ ਮਰਦਾਂ ਦੇ ਨਾਲ ਰਹਿਣ ਦੇ ਲਈ ਰਚਿਆ ਗਿਆ ਸੀ। ਕੰਮ ਵਾਲੀ ਥਾਂ ਔਰਤਾਂ ਦੀ ਭੂਮਿਕਾ ਅਤੇ ਪ੍ਰਭਾਵ ਦਾ ਸਥਾਨ ਹੁੰਦਾ ਹੈ।

## ਇੱਕ ਸੰਪੂਰਨ ਸੰਸਾਰ ਵਿੱਚ ਕੰਮ ਕਰਨਾ

ਕੀ ਹੁੰਦਾ ਜੇਕਰ ਆਦਮ ਅਤੇ ਹੱਵਾਹ ਨੇ ਪਾਪ ਨਾ ਕੀਤਾ ਹੁੰਦਾ ਅਤੇ ਮਨੁੱਖਜਾਤੀ ਪਰਮੇਸ਼ੁਰ ਦੀ ਮੂਲ ਯੋਜਨਾ ਅਨੁਸਾਰ ਬਰਕਰਾਰ ਰਹਿੰਦੀ? ਬਾਗ਼ ਵਿੱਚ ਕੰਮ ਕਰਨਾ ਅਤੇ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਵਧਣਾ ਅਤੇ ਉਸ ਸਭ ਵਿੱਚ ਪ੍ਰਵੇਸ਼ ਕਰਨਾ ਕਿਸ ਤਰ੍ਹਾਂ ਦਾ ਹੋਣਾ ਸੀ ਜੋ ਪਰਮੇਸ਼ੁਰ ਲੋਕਾਂ ਲਈ ਚਾਹੁੰਦਾ ਸੀ, ਖ਼ਾਸਕਰ ਕੰਮ ਦੇ ਸਬੰਧ ਵਿੱਚ? ਇੱਕ ਸੰਪੂਰਨ ਸੰਸਾਰ ਵਿੱਚ ਕੰਮ ਵਾਲੀ ਥਾਂ ਕਿਹੋ ਜਿਹੀ ਹੋਣੀ ਸੀ - ਜੇਕਰ ਮਨੁੱਖ ਪਾਪ ਵਿੱਚ ਨਾ ਡਿੱਗਿਆ ਹੁੰਦਾ?

ਹੇਠਾਂ ਬਾਈਬਲ ਦੇ ਦ੍ਰਿਸ਼ਟੀਕੋਣ ਤੋਂ ਕੁਝ ਨਿਰੀਖਣ ਦਿੱਤੇ ਗਏ ਹਨ।

### *ਕੰਮ ਵਾਲੇ ਦਿਨ ਦੌਰਾਨ ਅਰਾਧਨਾ ਜ਼ਾਰੀ ਰਹਿੰਦੀ*

ਪਰਮੇਸ਼ੁਰ ਦੀ ਹਜ਼ੂਰੀ ਪੂਰਾ ਦਿਨ ਸਾਡੇ ਉੱਤੇ ਛਾਇਆ ਕਰਦੀ। ਅਸੀਂ ਸਾਰਾ ਦਿਨ ਪਰਮੇਸ਼ੁਰ ਨਾਲ ਸੰਪੂਰਨ ਸੰਗਤ ਵਿੱਚ ਰਹਿੰਦੇ। ਕੰਮ ਅਤੇ ਅਰਾਧਨਾ ਨੂੰ ਦਿਨ ਦੇ ਵੱਖ-ਵੱਖ ਘੰਟਿਆਂ ਵਿੱਚ ਵੰਡਿਆ ਜਾਂ ਵੱਖਰਾ ਨਾ ਕੀਤਾ ਗਿਆ ਹੁੰਦਾ।

### *ਅਰਾਧਨਾ ਅਤੇ ਕੰਮ ਦੋਵੇਂ ਪਰਮੇਸ਼ੁਰ ਲਈ ਹੁੰਦੇ*

ਕੰਮ ਇੱਕ ਕੰਮ ਨਹੀਂ ਬਲਕਿ ਇੱਕ ਸਵਰਗੀ ਕੰਮ ਹੋਣਾ ਸੀ, ਪਰਮੇਸ਼ੁਰ ਲਈ ਇੱਕ ਸੇਵਕਾਈ ਕਿਉਂਕਿ ਪਰਮੇਸ਼ੁਰ ਨੇ ਇਸ ਦਾ ਹੁਕਮ ਦਿੱਤਾ ਹੈ। ਹਰ ਕੋਈ ਪ੍ਰਭੂ ਦੇ ਲਈ ਕੰਮ ਕਰ ਰਿਹਾ ਹੋਣਾ ਸੀ। ਇਹ ਕਹਿਣ ਦਾ ਕੋਈ ਅਰਥ ਨਹੀਂ ਹੋਣਾ ਸੀ ਕਿ “ਮੈਂ ਹੁਣ ਕੁਝ ਧਰਮ-ਨਿਰਪੱਖ ਜਾਂ ਦੁਨਿਆਵੀ ਕਰ ਰਿਹਾ ਹਾਂ ਅਤੇ ਘਰ ਪਹੁੰਚਣ ਤੋਂ ਬਾਅਦ, ਮੈਂ ਕੋਈ ਪਵਿੱਤਰ ਕੰਮ ਕਰਾਂਗਾ ਜਿਵੇਂ ਕਿ ਪਰਮੇਸ਼ੁਰ ਦੀ ਅਰਾਧਨਾ।”

### *ਪਰਮੇਸ਼ੁਰ ਕੰਮ ਕਰ ਰਿਹਾ ਹੁੰਦਾ*

ਇਹ ਦੇਖਣਾ ਦਿਲਚਸਪ ਹੈ ਕਿ ਕਿਵੇਂ ਉਤਪਤ 3:8 ਦਰਸਾਉਂਦੀ ਹੈ ਕਿ ਬਾਗ਼

ਵਿੱਚ ਇੱਕ ਆਮ ਦਿਨ ਕਿਸ ਤਰ੍ਹਾਂ ਦਾ ਹੋਣਾ ਸੀ। ਇਹ ਆਇਤ ਕਹਿੰਦੀ ਹੈ, *"ਤਾਂ ਉਨ੍ਹਾਂ ਨੇ ਯਹੋਵਾਹ ਪਰਮੇਸ਼ੁਰ ਦੀ ਅਵਾਜ਼ ਸੁਣੀ ਜਦ ਉਹ ਬਾਗ਼ ਵਿੱਚ ਠੰਡੇ ਵੇਲੇ ਫਿਰਦਾ ਸੀ..."* ਇਹ ਇੱਕ ਅਜਿਹੀ ਤਸਵੀਰ ਪੇਸ਼ ਕਰਦਾ ਹੈ ਜਿੱਥੇ ਪਰਮੇਸ਼ੁਰ ਆਦਮ ਅਤੇ ਹੱਵਾਹ ਦੇ ਨਾਲ ਮਿਲਣ ਲਈ ਆਉਂਦਾ ਸੀ ਜਦੋਂ ਉਹ ਬਾਗ਼ ਵਿੱਚ ਰਹਿੰਦੇ ਸਨ ਅਤੇ ਇਸ ਦੀ ਵਾਹੀ ਕਰਦੇ ਅਤੇ ਇਸ ਦੀ ਰਾਖੀ ਕਰਦੇ ਸਨ। ਸ਼ਾਇਦ ਪਰਮੇਸ਼ੁਰ ਉਨ੍ਹਾਂ ਨੂੰ ਮਿਲਣ ਲਈ ਆਉਂਦਾ ਅਤੇ ਉਨ੍ਹਾਂ ਨੂੰ ਉਹ ਭੇਦ ਸਿਖਾਉਂਦਾ ਜੋ ਉਸ ਦੀ ਰਚਨਾ ਵਿੱਚ ਛੁਪੇ ਹੋਏ ਹਨ। ਸ਼ਾਇਦ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿਖਾਇਆ ਹੋਵੇਗਾ ਕਿ ਉਸ ਦੀ ਰਚਨਾ ਵਿੱਚ ਜੋ ਉਪਲੱਬਧ ਸੀ ਉਸ ਦਾ ਲਾਭ ਕਿਵੇਂ ਉਠਾਇਆ ਜਾਵੇ ਅਤੇ ਨਵੀਆਂ ਚੀਜ਼ਾਂ ਨੂੰ, ਨਵੇਂ ਤਰੀਕੇ ਨਾਲ ਕਿਵੇਂ ਕੀਤਾ ਜਾਵੇ, ਆਦਿ। ਪਰਮੇਸ਼ੁਰ ਦੇ ਕੰਮ ਕਰਨ ਨਾਲ, ਨਵੀਆਂ ਕਾਢਾਂ, ਖੋਜਾਂ ਅਤੇ ਬੇਅੰਤ ਸੰਭਾਵਨਾਵਾਂ ਦੇ ਜ਼ਰੀਏ ਪਰਮੇਸ਼ੁਰ ਦੀਆਂ ਰਚਨਾਤਮਕ ਯੋਗਤਾਵਾਂ ਲੋਕਾਂ ਦੁਆਰਾ ਪ੍ਰਗਟ ਹੋਣੀਆਂ ਸਨ। ਪਰਮੇਸ਼ੁਰ ਦੀ ਰਚਨਾ ਵਿੱਚ ਨਿਯਮਾਂ ਦੀ ਖੋਜ ਅਤੇ ਵਰਤੋਂ ਕਰਨਾ ਦਿਲਚਸਪ ਹੋਣਾ ਸੀ। ਯਸਾਯਾਹ ਨਬੀ ਸਾਡੇ ਲਈ ਇਹ ਤਸਵੀਰ ਪੇਸ਼ ਕਰਦਾ ਹੈ - ਪਰਮੇਸ਼ੁਰ ਕਿਸਾਨ ਨੂੰ ਸਿਖਾਉਂਦਾ ਹੈ ਕਿ ਜ਼ਮੀਨ ਦੀ ਵਾਹੀ ਕਿਵੇਂ ਕਰਨੀ ਹੈ ਅਤੇ ਵਾਢੀ ਦੀ ਪ੍ਰਕਿਰਿਆ ਕਿਵੇਂ ਕਰਨੀ ਹੈ।

**ਯਸਾਯਾਹ 28:23-29**
**23 ਕੰਨ ਲਾਓ ਅਤੇ ਮੇਰੀ ਅਵਾਜ਼ ਸੁਣੋ, ਧਿਆਨ ਲਾਓ ਅਤੇ ਮੇਰਾ ਆਖਾ ਸੁਣੋ।**
**24 ਕੀ ਹਾਲੀ ਬੀਜਣ ਲਈ ਸਾਰਾ ਦਿਨ ਵਾਹੀ ਕਰਦਾ ਹੈ?**
**ਕੀ ਉਹ ਆਪਣੀ ਜ਼ਮੀਨ ਨੂੰ ਖੋਲ੍ਹਦਾ ਅਤੇ ਸੁਹਾਗਾ ਫੇਰਦਾ ਰਹਿੰਦਾ ਹੈ?**
**25 ਜਦ ਉਹ ਨੂੰ ਪੱਧਰਾ ਕਰ ਲਿਆ,**
**ਕੀ ਉਹ ਸੌਂਫ ਨੂੰ ਨਹੀਂ ਖਿਲਾਰਦਾ ਅਤੇ ਜ਼ੀਰੇ ਦਾ ਖੁੱਲ੍ਹਾ ਛੱਟਾ ਨਹੀਂ ਦਿੰਦਾ?**
**ਅਤੇ ਕਣਕ ਨੂੰ ਸਿਆੜਾਂ ਵਿੱਚ ਅਤੇ ਜੌਂਵਾਂ ਨੂੰ ਓਹਨਾਂ ਦੇ ਥਾਂ,**
**ਅਤੇ ਮਸਰਾਂ ਨੂੰ ਉਹ ਦੇ ਬੰਨਿਆਂ ਉੱਤੇ ਨਹੀਂ ਪਾਉਂਦਾ?**
**26 ਉਹ ਦਾ ਪਰਮੇਸ਼ੁਰ ਉਹ ਨੂੰ ਠੀਕ-ਠੀਕ ਸਿਖਲਾਉਂਦਾ,**
**ਅਤੇ ਉਹ ਨੂੰ ਦੱਸਦਾ ਹੈ।**
**27 ਸੌਂਫ ਤਾਂ ਗੰਡਾਸੇ ਨਾਲ ਨਹੀਂ ਗਾਹੀਦੀ,**
**ਅਤੇ ਨਾ ਜ਼ੀਰੇ ਉੱਤੇ ਗੱਡੇ ਦਾ ਪਹੀਆ ਫੇਰੀਦਾ ਹੈ,**
**ਪਰ ਸੌਂਫ ਲਾਠੀ ਨਾਲ ਅਰ ਜੀਰਾ ਡੰਡੇ ਨਾਲ ਕੁੱਟੀਦਾ ਹੈ।**
**28 ਭਲਾ, ਰੋਟੀ ਦਾ ਅੰਨ ਦਰੜੀਦਾ ਹੈ?**
**ਉਹ ਤਾਂ ਉਸ ਨੂੰ ਸਦਾ ਗਾਹੁੰਦਾ ਨਹੀਂ ਰਹਿੰਦਾ,**

**ਅਤੇ ਜਦ ਉਹ ਆਪਣੇ ਗੱਡੇ ਦਾ ਪਹੀਆ**
**ਅਤੇ ਆਪਣੇ ਘੋੜੇ ਉਸ ਉੱਤੇ ਚਲਾਉਂਦਾ ਹੈ,**
**ਤਾਂ ਉਹ ਉਸ ਨੂੰ ਦਰੜ ਨਹੀਂ ਸੁੱਟਦਾ।**
**29 ਇਹ ਵੀ ਸੈਨਾਂ ਦੇ ਯਹੋਵਾਹ ਵੱਲੋਂ ਆਉਂਦਾ ਹੈ,**
**ਉਹ ਸਲਾਹ ਵਿੱਚ ਅਚਰਜ ਹੈ, ਬੁੱਧੀ ਵਿੱਚ ਮਹਾਨ।**

ਪਰਮੇਸ਼ੁਰ ਦੀ ਬੁੱਧ ਉਸ ਦੀ ਸਾਰੀ ਰਚਨਾ ਵਿੱਚ ਸਮਾਈ ਹੋਈ ਹੈ। ਯਿਰਮਿਯਾਹ 10:12 ਸਾਨੂੰ ਦੱਸਦਾ ਹੈ ਕਿ, *"ਉਸ ਨੇ ਧਰਤੀ ਨੂੰ ਆਪਣੀ ਸ਼ਕਤੀ ਨਾਲ ਬਣਾਇਆ, ਉਸ ਆਪਣੀ ਬੁੱਧ ਨਾਲ ਜਗਤ ਨੂੰ ਕਾਇਮ ਕੀਤਾ ਹੈ, ਆਪਣੀ ਸਮਝ ਨਾਲ ਅਕਾਸ਼ਾਂ ਨੂੰ ਤਾਣਿਆ ਹੈ।"*

ਬੁੱਧ ਬੋਲਦੀ ਹੈ ਅਤੇ ਐਲਾਨ ਕਰਦੀ ਹੈ,

**ਕਹਾਉਤਾ 8:22-31**
**22 "ਯਹੋਵਾਹ ਨੇ ਆਪਣੇ ਕੰਮ ਦੇ ਅਰੰਭ ਵਿੱਚ, ਸਗੋਂ ਆਪਣੇ ਪ੍ਰਾਚੀਨ ਕਾਲ**
**ਦੇ ਕੰਮਾਂ ਤੋਂ ਵੀ ਪਹਿਲਾਂ ਮੈਨੂੰ ਰਚਿਆ।**
**23 ਆਦ ਤੋਂ ਸਗੋਂ ਮੁੱਢੋਂ ਹੀ ਮੈਂ ਥਾਪੀ ਗਈ,**
**ਧਰਤੀ ਦੇ ਹੋਣ ਤੋਂ ਪਹਿਲਾਂ।**
**24 ਜਿਸ ਵੇਲੇ ਡੂੰਘਿਆਈਆਂ ਨਹੀਂ ਸਨ ਮੈਂ ਪੈਦਾ ਹੋਈ,**
**ਜਦ ਵਗਦੇ ਸੋਤੇ ਨਹੀਂ ਸਨ ।**
**25 ਪਹਾੜਾਂ ਦੇ ਰੱਖਣ ਤੋਂ ਪਹਿਲਾਂ,**
**ਅਤੇ ਪਹਾੜੀਆਂ ਤੋਂ ਪਹਿਲਾਂ ਮੈਂ ਪੈਦਾ ਹੋਈ।**
**26 ਜਦੋਂ ਉਹ ਨੇ ਨਾ ਧਰਤੀ ਨਾ ਮੈਦਾਨ,**
**ਨਾ ਜਗਤ ਦੀ ਪਹਿਲੀ ਧੂੜ ਹੀ ਬਣਾਈ ਸੀ।**
**27 ਜਦ ਉਹ ਨੇ ਅਕਾਸ਼ ਕਾਇਮ ਕੀਤੇ, ਮੈਂ ਉੱਥੇ ਸਾਂ,**
**ਜਦ ਡੂੰਘਿਆਈ ਉੱਤੇ ਮੰਡਲ ਠਹਿਰਾਇਆ।**
**28 ਜਦ ਉਹ ਨੇ ਬੱਦਲਾਂ ਨੂੰ ਉੱਪਰੋਂ ਇਸਥਿਰ ਕੀਤਾ,**
**ਅਤੇ ਡੂੰਘਿਆਈ ਦੇ ਚਸ਼ਮੇ ਤਕੜੇ ਕੀਤੇ,**
**29 ਜਦ ਉਹ ਨੇ ਸਮੁੰਦਰ ਦੇ ਬੰਨੇ ਠਹਿਰਾਏ,**
**ਭਈ ਪਾਣੀ ਉਹ ਦੇ ਹੁਕਮੋਂ ਬਾਹਰ ਨਾ ਜਾਵੇ,**
**ਜਦ ਉਹ ਨੇ ਧਰਤੀ ਦੀਆਂ ਨੀਹਾਂ ਠਹਿਰਾਈਆਂ,**
**30 ਤਦ ਮੈਂ ਰਾਜ ਮਿਸਤਰੀ ਦੇ ਸਮਾਨ ਉਹ ਦੇ ਨਾਲ ਹੈਸਾਂ,**
**ਮੈਂ ਨਿੱਤ ਉਹ ਨੂੰ ਰਿਝਾਉਂਦੀ ਤੇ ਸਦਾ ਉਹ ਦੇ ਅੱਗੇ ਖੇਡਦੀ ਰਹਿੰਦੀ,**

**[31] ਮੈਂ ਉਹ ਦੀ ਵਸਾਈ ਹੋਈ ਧਰਤੀ ਉੱਤੇ ਖੇਡਦੀ ਰਹਿੰਦੀ,**
**ਅਤੇ ਆਦਮ ਵੰਸੀਆਂ ਨਾਲ ਪ੍ਰਸੰਨ ਹੁੰਦੀ ਸਾਂ।"**

ਇਸ ਲਈ, ਜਦੋਂ ਪਰਮੇਸ਼ੁਰ ਨੇ ਲੋਕਾਂ ਦੀ ਉਸ ਦੀ ਰਚਨਾ ਨੂੰ ਖੋਜਣ ਵਿੱਚ ਮਦਦ ਕੀਤੀ, ਤਾਂ ਉਨ੍ਹਾਂ ਨੇ ਪਰਮੇਸ਼ੁਰ ਦੀ ਬੁੱਧ - ਪਰਮੇਸ਼ੁਰ ਦੇ ਮਨ ਵਿੱਚ ਸਮਝ ਪ੍ਰਾਪਤ ਕੀਤੀ ਹੋਵੇਗੀ।

## *ਫਲਣਾ, ਵਧਣਾ ਅਤੇ ਭਰਨਾ ਆਮ ਨਤੀਜ਼ਾ ਹੁੰਦਾ*

ਪਰਮੇਸ਼ੁਰ ਨੇ ਮਨੁੱਖ ਨੂੰ ਉਹ ਕੰਮ ਕਰਨ ਦੀ ਬਰਕਤ ਦਿੱਤੀ ਸੀ ਜੋ ਉਸ ਨੂੰ ਕਰਨ ਲਈ ਰਚਿਆ ਗਿਆ ਸੀ। ਪਰਮੇਸ਼ੁਰ ਦੀ ਬਰਕਤ ਨੇ ਫਲਣ, ਵਧਣ ਅਤੇ ਵਾਧੇ ਦਾ ਕਾਰਨ ਬਣਨਾ ਸੀ। ਚੀਜ਼ਾਂ ਨੂੰ ਵੱਧਦੇ, ਫੁੱਲਦੇ ਦੇਖਣਾ ਆਮ ਗੱਲ ਹੋਣੀ ਸੀ।

## *ਕੰਮ ਮਜ਼ੇਦਾਰ ਅਤੇ ਅਨੰਦ ਦੀ ਗੱਲ ਹੋਣਾ ਸੀ*

ਇੱਕ ਸੰਪੂਰਨ ਸੰਸਾਰ ਵਿੱਚ ਕੰਮ ਮਜ਼ੇਦਾਰ, ਅਨੰਦ ਦੀ ਗੱਲ ਹੋਣਾ ਸੀ। ਹਰ ਦਿਨ ਦੇ ਅੰਤ ਵਿੱਚ, ਅਸੀਂ ਉਨ੍ਹਾਂ ਚੀਜ਼ਾਂ ਨੂੰ ਖੁਸ਼ੀ ਨਾਲ ਦੇਖਣਾ ਸੀ ਜੋ ਇੱਕਠੀਆਂ ਹੋ ਰਹੀਆਂ ਸਨ ਅਤੇ ਉਨ੍ਹਾਂ ਬਾਰੇ ਖੁਸ਼ ਹੋਣਾ ਸੀ। ਦਿਨ ਦੇ ਅੰਤ ਵਿੱਚ ਨਿਰਾਸ਼ਾ ਜਾਂ ਬੇਕਾਰ ਮਿਹਨਤ ਦੀ ਭਾਵਨਾ ਨਹੀਂ ਸੀ ਹੋਣੀ। ਹਰ ਦਿਨ ਦਾ ਕੰਮ ਅਰਥ, ਉਦੇਸ਼ ਅਤੇ ਅਨੰਦ ਵਾਲਾ ਹੋਣਾ ਸੀ। ਸ਼ਾਇਦ ਉਹ ਪੂਰਵ-ਦਰਸ਼ਨ ਜੋ ਯਸਾਯਾਹ ਸਾਨੂੰ ਦਿੰਦਾ ਹੈ ਕਿ ਆਉਣ ਵਾਲੇ ਯੁੱਗ ਵਿੱਚ ਚੀਜ਼ਾਂ ਕਿਹੋ ਜਿਹੀਆਂ ਹੋਣਗੀਆਂ ਉਹ ਸਾਨੂੰ ਇਸ ਦੀ ਇੱਕ ਝਲਕ ਦਿੰਦਾ ਹੈ।

**ਯਸਾਯਾਹ 65:21-23**
**[21] ਓਹ ਘਰ ਬਣਾਉਣਗੇ ਅਤੇ ਉਨ੍ਹਾਂ ਵਿੱਚ ਵੱਸਣਗੇ,**
**ਓਹ ਅੰਗੂਰੀ ਬਾਗ਼ ਲਾਉਣਗੇ ਅਤੇ ਉਨ੍ਹਾਂ ਦਾ ਫਲ ਖਾਣਗੇ।**
**[22] ਓਹ ਨਾ ਬਣਾਉਣਗੇ ਭਈ ਦੂਜਾ ਵੱਸੇ,**
**ਓਹ ਨਾ ਲਾਉਣਗੇ ਭਈ ਦੂਜਾ ਖਾਵੇ,**
**ਮੇਰੀ ਪਰਜਾ ਦੇ ਦਿਨ ਤਾਂ ਰੁੱਖ ਦੇ ਦਿਨਾਂ ਵਰਗੇ ਹੋਣਗੇ,**
**ਅਤੇ ਮੇਰੇ ਚੁਣੇ ਹੋਏ ਆਪਣੇ ਹੱਥਾਂ ਦਾ ਕੰਮ ਢੇਰ ਚਿਰ ਭੋਗਣਗੇ।**
**[23] ਓਹ ਵਿਅਰਥ ਮਿਹਨਤ ਨਾ ਕਰਨਗੇ,**
**ਨਾ ਕਲੇਸ਼ ਲਈ ਜਮਾਉਣਗੇ,**

**ਓਹ ਯਹੋਵਾਹ ਦੀ ਮੁਬਾਰਕ ਅੰਸ ਜੋ ਹੋਣਗੇ,**
**ਨਾਲੇ ਓਹਨਾਂ ਦੀ ਸੰਤਾਨ ਓਹਨਾਂ ਸਣੇ।**

ਕੰਮ ਵਾਲੀ ਥਾਂ ‘ਤੇ ਬਿਪਤਾ, ਬਦਕਿਸਮਤੀ, ਛਾਂਟੀ ਅਤੇ ਆਰਥਿਕ ਸੰਕਟ ਅਣਜਾਣ ਹੋਣਗੇ!

# 2
# ਕੰਮ ਵਾਲੀ ਥਾਂ — ਪਤਨ ਦਾ ਅਸਰ ਸਲੀਬ ਦਾ ਪ੍ਰਭਾਵ

## ਪਤਨ ਨੇ ਇਸ ਨੂੰ ਮੁਸ਼ਕਿਲ ਬਣਾ ਦਿੱਤਾ

ਪਾਪ ਵਿੱਚ ਡਿੱਗਣ ਦਾ ਅਸਰ ਕੰਮ ਵਾਲੀ ਥਾਂ ‘ਤੇ ਪਿਆ। ਪਰਮੇਸ਼ੁਰ ਨੇ ਨਤੀਜਾ ਸੁਣਾਇਆ।

**ਉਤਪਤ 3:17-19**
**17 … ਜ਼ਮੀਨ ਤੇਰੇ ਕਾਰਨ ਸਰਾਪਤ ਹੋਈ।**
**ਤੂੰ ਆਪਣੇ ਜੀਵਨ ਦੇ ਸਾਰੇ ਦਿਨ ਉਸ ਤੋਂ ਦੁੱਖ ਨਾਲ ਖਾਵੇਂਗਾ।**
**18 ਉਹ ਕੰਡੇ ਅਰ ਕੰਡਿਆਲੇ ਤੇਰੇ ਲਈ ਉਗਾਵੇਗੀ**
**ਅਤੇ ਤੂੰ ਪੈਲੀ ਦਾ ਸਾਗ ਪੱਤ ਖਾਵੇਂਗਾ।**
**19 ਤੂੰ ਆਪਣੇ ਮੂੰਹ ਦੇ ਮੁੜ੍ਹਕੇ ਨਾਲ ਰੋਟੀ ਖਾਵੇਂਗਾ**
**ਜਦ ਤੀਕ ਤੂੰ ਮਿੱਟੀ ਵਿੱਚ ਫੇਰ ਨਾ ਮੁੜੇਂ**
**ਕਿਉਂਜੋ ਤੂੰ ਉਸ ਤੋਂ ਕੱਢਿਆ ਗਿਆ ਸੀ।**
**ਤੂੰ ਮਿੱਟੀ ਹੈਂ ਅਤੇ ਮਿੱਟੀ ਵਿੱਚ ਤੂੰ ਮੁੜ ਜਾਵੇਂਗਾ।**

ਕੰਮ ਵਾਲੀ ਥਾਂ ਨੂੰ ਸਰਾਪ ਦਿੱਤਾ ਗਿਆ ਸੀ। ਫਲ ਦਾ ਅਨੰਦ ਲੈਣ ਲਈ ਪਸੀਨਾ ਵਹਾਉਣਾ ਪੈਣਾ ਸੀ, ਮਿਹਨਤ ਮੁਸ਼ੱਕਤ ਕਰਨੀ ਪੈਣੀ ਸੀ ਅਤੇ ਇਹ ਇੱਕ ਵਿਅਕਤੀ ਦੇ ਜੀਵਨ ਵਿੱਚ ਜ਼ਿੰਦਗੀਭਰ ਚੱਲਦਾ ਰਹਿਣਾ ਸੀ। ਅਜਿਹੀਆਂ ਚੀਜ਼ਾਂ ਹੋਣੀਆਂ ਸਨ ਜਿਨ੍ਹਾਂ ਕੰਮ ਵਾਲੀ ਥਾਂ ‘ਤੇ ਵਿਰੋਧ ਕਰਨਾ ਸੀ, ਰੁਕਾਵਟ ਪਾਉਣੀ ਸੀ ਅਤੇ ਦਰਦ (ਕੰਡੇ ਅਤੇ ਕੰਡਿਆਲੇ) ਦਾ ਕਾਰਨ ਬਣਨਾ ਸੀ। ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਕੰਮ ਵਾਲੀ ਥਾਂ ਲਈ ਪਰਮੇਸ਼ੁਰ ਦੇ ਮੂਲ ਨਮੂਨੇ ਦਾ ਹਿੱਸਾ ਨਹੀਂ ਸੀ।

## ਸਲੀਬ ਪਤਨ ਨੂੰ ਉਲਟਾ ਦਿੰਦੀ ਹੈ

ਪ੍ਰਭੂ ਯਿਸੂ ਮਸੀਹ ਸਾਨੂੰ ਪਤਨ ਤੋਂ ਪੂਰੀ ਤਰ੍ਹਾਂ ਛੁਡਾਉਣ ਲਈ ਆਇਆ ਸੀ।

ਪਤਨ ਦੇ ਕਾਰਨ ਮਨੁੱਖਜਾਤੀ ਉੱਤੇ ਜੋ ਕੁਝ ਵੀ ਆਇਆ, ਪ੍ਰਭੂ ਯਿਸੂ ਦੇ ਸਲੀਬ ਉੱਤੇ ਛੁਟਕਾਰੇ ਦੇ ਕੰਮ ਅਤੇ ਉਸ ਦੀ ਮੌਤ, ਦਫ਼ਨਾਉਣ ਅਤੇ ਜੀਅ ਉੱਠਣ ਦੁਆਰਾ ਉਲਟਾ ਦਿੱਤਾ ਗਿਆ ਸੀ। ਇਸ ਵਿੱਚ ਕੰਮ ਵਾਲੀ ਥਾਂ 'ਤੇ ਪਤਨ ਦਾ ਪ੍ਰਭਾਵ ਸ਼ਾਮਿਲ ਹੈ। ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਯਿਸੂ ਦੇ ਰਾਹੀਂ ਪਰਮੇਸ਼ੁਰ ਦਾ ਉਦੇਸ਼ ਇਹ ਸੀ ਕਿ ਉਹ, *"...ਉਸ ਦੀ ਸਲੀਬ ਦੇ ਲਹੂ ਦੇ ਵਸੀਲੇ ਮੇਲ ਕਰਾ ਕੇ ਧਰਤੀ ਉਤਲੀਆਂ ਅਤੇ ਅਕਾਸ਼ ਉਤਲੀਆਂ ਸਾਰੀਆਂ ਵਸਤਾਂ ਨੂੰ ਉਹ ਦੇ ਰਾਹੀਂ, ਹਾਂ ਉਸੇ ਦੇ ਰਾਹੀਂ ਆਪਣੇ ਨਾਲ ਮਿਲਾਵੇ"* (ਕੁਲੁੱਸੀਆਂ 1:20)। ਸਲੀਬ, ਕੰਮ ਵਾਲੀ ਥਾਂ ਉਹਨਾਂ ਸਾਰੀਆਂ ਚੀਜਾਂ ਦਾ ਜੋ ਪਾਪ ਦੇ ਕਾਰਨ ਪ੍ਰਭਾਵਿਤ ਹੋਈਆਂ ਸਨ ਛੁਟਕਾਰਾ ਅਤੇ ਮੇਲ ਕਰਾਉਦੀ ਹੈ। ਅਸੀਂ ਪਤਨ ਤੋਂ ਛੁਟਕਾਰਾ ਪਾ ਲਿਆ ਹੈ। ਅਸੀਂ ਸਮਝਦੇ ਹਾਂ ਕਿ ਸਾਡੇ ਛੁਟਕਾਰੇ ਦਾ ਇੱਕ ਹਿੱਸਾ ਵਰਤਮਾਨ ਕਾਲ ਦੀ ਅਸਲੀਅਤ ਹੈ (ਗਲਾਤੀਆਂ 1:4; ਅਫ਼ਸੀਆਂ 1:7) ਅਤੇ ਸਾਡੇ ਛੁਟਕਾਰੇ ਦਾ ਇੱਕ ਹਿੱਸਾ ਹਾਲੇ ਵੀ ਭਵਿੱਖ ਵਿੱਚ ਹੈ। ਸਾਡਾ ਪੂਰਨ ਛੁਟਕਾਰਾ ਹੋਣਾ ਬਾਕੀ ਹੈ (ਅਫ਼ਸੀਆਂ 1:14)। ਅਸੀਂ ਇਹ ਵੀ ਸਮਝਦੇ ਹਾਂ ਕਿ ਸਰਿਸ਼ਟੀ ਪਰਮੇਸ਼ੁਰ ਦੇ ਪੁੱਤਰਾਂ (ਬੱਚਿਆਂ) ਦੇ ਪਰਕਾਸ਼ ਹੋਣ ਅਤੇ ਇਸ ਨੂੰ ਉਸ ਅਨਰਥ ਤੋਂ ਜਿਸ ਦੇ ਇਹ ਪਤਨ ਕਾਰਨ ਅਧੀਨ ਕੀਤੀ ਗਈ ਸੀ ਛੁਟਕਾਰਾ ਦਿਵਾਉਣ ਲਈ ਉਡੀਕਦੀ ਹੈ (ਰੋਮੀਆਂ 8:19-23)। ਛੁਟਕਾਰਾ ਪਾਏ ਲੋਕਾਂ ਦੇ ਰੂਪ ਵਿੱਚ, ਅਸੀਂ ਇਸ ਜੀਵਨ ਵਿੱਚ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਦੇ ਹਾਂ (ਇਬਰਾਨੀਆਂ 6:5)। ਇੱਥੇ ਛੁਟਕਾਰਾ ਉਹ ਲਾਭ ਹਨ ਜਿਨ੍ਹਾਂ ਵਿੱਚ ਅਸੀਂ ਇੱਥੇ ਅਤੇ ਹੁਣ ਚੱਲ ਸਕਦੇ ਹਾਂ। ਉਦਾਹਰਣ ਲਈ, ਭਵਿੱਖ ਵਿੱਚ ਸਾਡੇ ਕੋਲ ਜੀਅ ਉੱਠੇ ਮਹਿਮਾ ਵਾਲੇ ਸਰੀਰ ਹੋਣਗੇ, ਪਰ ਅਸੀਂ ਆਪਣੇ ਛੁਟਕਾਰਾ ਦੇ ਹਿੱਸੇ ਵਜੋਂ ਬਿਮਾਰੀ ਅਤੇ ਰੋਗ ਤੋਂ ਚੰਗਾ ਹੋਣ ਦਾ ਤਜ਼ਰਬਾ ਕਰ ਸਕਦੇ ਹਾਂ ਜੋ ਹੁਣ ਲਾਭਦਾਇਕ ਹੈ। ਇਸੇ ਤਰ੍ਹਾਂ, ਜਦੋਂ ਯਸਾਯਾਹ 65:21-23 ਆਉਣ ਵਾਲੇ ਜੁੱਗ ਵਿੱਚ ਕੰਮ ਵਾਲੀ ਥਾਂ ਦਾ ਵਰਣਨ ਕਰਦਾ ਹੈ, ਅਸੀਂ ਉਮੀਦ ਕਰ ਸਕਦੇ ਹਾਂ ਕਿ ਛੁਟਕਾਰੇ ਦੇ ਲਾਭ ਸਾਡੇ ਮੌਜੂਦਾ , ਕੰਮ ਵਾਲੀ ਥਾਂ ਅਤੇ ਕੰਮ ਵਾਲੇ ਜੀਵਨ ਨੂੰ ਪ੍ਰਭਾਵਿਤ ਕਰਨਗੇ।

## ਕਿਰਪਾ ਰਹਿਤ ਸੰਸਾਰ ਵਿੱਚ ਛੁਟਕਾਰਾ ਪਾਏ ਨੇਮ ਦੇ ਲੋਕ

ਵਿਸ਼ਵਾਸੀ ਹੋਣ ਦੇ ਨਾਤੇ, ਅਸੀਂ ਛੁਟਕਾਰਾ ਪਾਏ ਲੋਕ ਹਾਂ ਜੋ ਪਰਮੇਸ਼ੁਰ ਨਾਲ ਨੇਮ ਵਿੱਚ ਹਨ ਹਾਲਾਂਕਿ ਅਸੀਂ ਇੱਕ ਪਤਿਤ ਸੰਸਾਰ ਵਿੱਚ ਰਹਿੰਦੇ ਹਾਂ। ਇਸ ਲਈ, ਇਹ ਸੱਚ ਹੈ ਕਿ ਅਸੀਂ ਉਸ ਬੁਰਾਈ ਦਾ ਸਾਹਮਣਾ ਕਰਾਂਗੇ ਜੋ ਇਸ

ਸੰਸਾਰ ਵਿੱਚ ਹੈ। ਪਰ, ਅਸੀਂ ਸੰਸਾਰ ਵਿੱਚ ਪ੍ਰਭੂ ਦੇ ਛੁਟਕਾਰਾ ਪਾਏ ਲੋਕਾਂ ਵਜੋਂ ਰਹਿਣ ਲਈ ਹਾਂ - ਨਵੇਂ ਨੇਮ ਦੇ ਲੋਕਾਂ ਵਜੋਂ ਜਿਨ੍ਹਾਂ ਦੇ ਜੀਵਨ ਵਿੱਚ ਸਲੀਬ ਦੀ ਸ਼ਕਤੀ ਕੰਮ ਕਰ ਰਹੀ ਹੈ। ਇਸ ਲਈ, ਹਰ ਰੋਜ਼, ਜਦੋਂ ਅਸੀਂ ਆਪਣੇ ਕੰਮ ਵਾਲੀ ਥਾਂ 'ਤੇ ਜਾਂਦੇ ਹਾਂ, ਸਾਨੂੰ ਸਾਡੇ ਕੰਮ, ਸਾਡੇ ਕੰਮ ਵਾਲੀ ਥਾਂ ਅਤੇ ਸਾਡੇ ਕੰਮ ਵਾਲੇ ਜੀਵਨ ਨੂੰ ਪ੍ਰਭਾਵਿਤ ਕਰਨ ਲਈ ਸਲੀਬ ਦੀ ਛੁਟਕਾਰਾ ਦੇਣ ਵਾਲੀ ਸ਼ਕਤੀ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ। ਸਲੀਬ ਦੇ ਕਾਰਨ, ਸਰਾਪ ਉਲਟਾ ਦਿੱਤਾ ਗਿਆ ਹੈ ਅਤੇ ਸਾਡੇ ਕੰਮ ਕਰਨ ਵਾਲੀ ਥਾਂ ਨੂੰ ਬਰਕਤ ਦਿੱਤੀ ਗਈ ਹੈ। ਸਲੀਬ ਦੇ ਕਾਰਨ, ਅਸੀਂ ਜੋ ਕੰਮ ਕਰਦੇ ਹਾਂ ਉਸ ਕੰਮ ਵਿੱਚ ਫਲਦਾਰ ਅਤੇ ਅਨੰਦ ਹੋਣ ਦਾ ਐਲਾਨ ਕਰਦੇ ਹਾਂ। ਸਲੀਬ ਦੇ ਕਾਰਨ, ਅਸੀਂ ਉਨ੍ਹਾਂ ਕੰਡਿਆਂ ਅਤੇ ਕੰਡਿਆਲਿਆਂ, ਉਨ੍ਹਾਂ ਚੀਜ਼ਾਂ ਨੂੰ ਜੋ ਕੰਮ ਵਾਲੀ ਥਾਂ ਦਾ ਵਿਰੋਧ ਕਰਦੀਆਂ ਹਨ, ਰੁਕਾਵਟ ਪਾਉਂਦੀਆਂ ਹਨ ਅਤੇ ਦਰਦ ਪੈਦਾ ਕਰਦੀਆਂ ਹਨ, ਬੇਅਸਰ ਕਰਦੇ ਹਾਂ ਅਤੇ ਇਸ ਦੀ ਬਜਾਇ, ਪਰਮੇਸ਼ੁਰ ਦੇ ਕੰਮਾਂ ਨੂੰ ਸਥਾਪਿਤ ਕਰਨ ਦਾ ਐਲਾਨ ਕਰਦੇ ਹਾਂ। ਸਲੀਬ ਦੇ ਕਾਰਨ, ਅਸੀਂ ਕੰਮ ਵਾਲੀ ਥਾਂ ਲਈ ਪਰਮੇਸ਼ੁਰ ਦੀ ਮੂਲ ਯੋਜਨਾ ਨੂੰ ਮੁੜ ਪ੍ਰਾਪਤ ਕਰ ਸਕਦੇ ਹਾਂ।

ਪਰਮੇਸ਼ੁਰ ਨੇ ਅਬਰਾਹਾਮ ਨਾਲ ਲਹੂ ਦਾ ਨੇਮ ਬੰਨ੍ਹਿਆ ਸੀ, ਜਿਸ ਨੂੰ ਅਸੀਂ ਅਬਰਾਹਾਮ ਦਾ ਨੇਮ ਵੀ ਕਹਿੰਦੇ ਹਾਂ। ਇਸ ਤੋਂ ਬਾਅਦ, ਮੂਸਾ ਦੇ ਰਾਹੀਂ, ਪਰਮੇਸ਼ੁਰ ਨੇ ਬਿਵਸਥਾ ਦੀ ਸਥਾਪਨਾ ਕੀਤੀ, ਜਿਸ ਨੂੰ ਪੁਰਾਣੇ ਨੇਮ ਵਜੋਂ ਵੀ ਜਾਣਿਆ ਜਾਂਦਾ ਹੈ, ਜਿਹੜੀ ਕਿ ਲਹੂ ਦੀ ਕੁਰਬਾਨੀ 'ਤੇ ਵੀ ਅਧਾਰਿਤ ਸੀ। ਇਹ ਨੇਮ ਨਵੇਂ ਨੇਮ ਵੱਲ ਇਸ਼ਾਰਾ ਕਰਨ ਦਾ ਕੰਮ ਕਰਦੀਆਂ ਸਨ ਜੋ ਕਿ ਪ੍ਰਭੂ ਯਿਸੂ ਮਸੀਹ ਦੁਆਰਾ ਕਲਵਰੀ ਉੱਤੇ ਆਪਣੇ ਖ਼ੁਦ ਦੇ ਲਹੂ ਨਾਲ ਸਥਾਪਿਤ ਕੀਤਾ ਗਿਆ ਸੀ। ਨਵਾਂ ਨੇਮ ਪੁਰਾਣੇ ਨੇਮ ਨਾਲੋਂ ਕਿਤੇ ਉੱਤਮ ਹੈ। *"ਯਿਸੂ ਇੱਕ ਹੋਰ ਵੀ ਉੱਤਮ ਨੇਮ ਦਾ ਜ਼ਾਮਨ ਬਣਿਆ" (ਇਬਰਾਨੀਆਂ 7:22)। "...ਉਹ ਅਗਲੇ ਨਾਲੋਂ ਇੱਕ ਉੱਤਮ ਨੇਮ ਦਾ ਵਿਚੋਲਾ ਹੋਇਆ ਜਿਹੜਾ ਚੰਗੇ ਵਾਅਦਿਆਂ ਉੱਤੇ ਬੰਨ੍ਹਿਆ ਹੋਇਆ ਹੈ ਉਨੀ ਹੀ ਉਸ ਨੂੰ ਚੰਗੀ ਸੇਵਕਾਈ ਮਿਲੀ"* (ਇਬਰਾਨੀਆਂ 8:6)।

ਅਸੀਂ ਵੇਖਾਂਗੇ ਕਿ "ਕੰਮ", "ਮਿਹਨਤ", "ਧਨ ਕਮਾਉਣਾ" ਆਦਿ ਕਿਵੇਂ ਅਬਰਾਹਾਮ ਦੇ ਨੇਮ ਅਤੇ ਪੁਰਾਣੇ ਨੇਮ ਤੋਂ ਪ੍ਰਭਾਵਿਤ ਹੋਇਆ ਸੀ। ਇਹ ਸੱਚ ਹੈ ਕਿ ਇਹ ਦੋਵੇਂ ਨੇਮਾਂ ਵਿੱਚ ਕੰਮ ਵਾਲੀ ਥਾਂ ਦੇ ਲਈ ਬਰਕਤਾਂ ਤੋਂ ਇਲਾਵਾ ਹੋਰ

ਵੀ ਬਹੁਤ ਕੁਝ ਸੀ। ਪਰ, ਇਸ ਅਧਿਐਨ ਵਿੱਚ, ਅਸੀਂ ਖ਼ਾਸ ਤੌਰ 'ਤੇ ਕੰਮ, ਕੰਮ ਵਾਲੀ ਥਾਂ ਅਤੇ ਕੰਮ ਵਾਲੇ ਜੀਵਨ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ ਅਤੇ ਇਸ ਲਈ, ਅਸੀਂ ਇਹ ਵੇਖਣ ਵਿੱਚ ਦਿਲਚਸਪੀ ਰੱਖਦੇ ਹਾਂ ਕਿ ਨੇਮਾਂ ਨੇ ਇਨ੍ਹਾਂ ਖੇਤਰਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ। ਪਤਨ ਦੇ ਨਤੀਜ਼ੇ ਵਜੋਂ ਸਪੱਸ਼ਟ ਐਲਾਨ ਹੋਇਆ ਕਿ ਜ਼ਮੀਨ ਸਰਾਪਤ ਸੀ ਅਤੇ ਮਨੁੱਖ ਨੂੰ ਕੋਈ ਨਤੀਜ਼ਾ ਵੇਖਣ ਦੇ ਲਈ ਮਿਹਨਤ ਮੁਸ਼ੱਕਤ ਕਰਨੀ ਪਈ। ਦਿਲਚਸਪ ਗੱਲ ਇਹ ਹੈ ਕਿ, ਉਹਨਾਂ ਲਈ ਜੋ ਅਬਰਾਹਾਮ ਦੇ ਨੇਮ ਦੇ ਅਧੀਨ ਜਾਂ ਪੁਰਾਣੇ ਨੇਮ ਦੇ ਅਧੀਨ, ਪਰਮੇਸ਼ੁਰ ਨੇ ਇਨ੍ਹਾਂ ਖੇਤਰਾਂ ਵਿੱਚ ਬਰਕਤਾਂ ਦਾ ਐਲਾਨ ਕੀਤਾ । ਅਤੇ ਉਨ੍ਹਾਂ ਨੇ ਇਸ ਦਾ ਤਜ਼ਰਬਾ ਕੀਤਾ! ਇਹ ਵੇਖਦੇ ਹੋਏ ਕਿ ਨਵਾਂ ਨੇਮ ਪੁਰਾਣੇ ਨੇਮ ਨਾਲੋਂ ਜ਼ਿਆਦਾ ਉੱਤਮ ਹੈ, ਸਾਡੇ ਲਈ ਇਸੇ ਦੀ ਉਮੀਦ ਕਰਨਾ ਆਮ ਗੱਲ ਹੋਣੀ ਚਾਹੀਦੀ ਹੈ, ਜੇਕਰ ਕੰਮ ਵਾਲੇ ਜੀਵਨ 'ਤੇ ਛੁਟਕਾਰੇ ਅਤੇ ਨੇਮ ਦੀਆਂ ਬਰਕਤਾਂ ਦੇ ਜ਼ਿਆਦਾ ਲਾਭ ਨਹੀਂ ਹਨ।

ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਜਦੋਂ ਪਰਮੇਸ਼ੁਰ ਕਿਸੇ ਬਰਕਤ ਦਾ ਐਲਾਨ ਕਰਦਾ ਹੈ, ਤਾਂ ਉਹ ਬਰਕਤ ਵਿਆਪਕ ਹੈ ਅਤੇ ਜੀਵਨ ਦੇ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰਦੀ ਹੈ। ਅਬਰਾਹਾਮ ਨੂੰ, ਪਰਮੇਸ਼ੁਰ ਨੇ ਕਿਹਾ, *"ਮੈਂ ਤੈਨੂੰ ਅਤੇ ਤੇਰੀ ਸੰਤਾਨ ਨੂੰ ਬਰਕਤ ਦਿਆਂਗਾ"।* ਉਸ ਨੇ ਕਦੇ ਵੀ ਖ਼ਾਸ ਤੌਰ 'ਤੇ ਇਹ ਨਹੀਂ ਕਿਹਾ ਕਿ ਅਬਰਾਹਾਮ ਅਤੇ ਉਸ ਦੀ ਅੰਸ ਨੂੰ ਚੰਗਾ ਕਰਨਾ ਇਸ ਬਰਕਤ ਦਾ ਹਿੱਸਾ ਸੀ। ਪਰ, ਜਦੋਂ ਅਸੀਂ ਇੰਜ਼ੀਲਾਂ ਵਿੱਚ ਵੇਖਦੇ ਹਾਂ, ਜਦੋਂ ਪ੍ਰਭੂ ਯਿਸੂ ਇੱਕ ਔਰਤ ਨੂੰ ਮਿਲਿਆ ਜੋ ਕੁੱਬੀ ਸੀ ਅਤੇ 18 ਸਾਲਾਂ ਤੋਂ ਇਸੇ ਤਰ੍ਹਾਂ ਸੀ, ਯਿਸੂ ਨੇ ਉਸ ਨੂੰ ਇਹ ਘੋਸ਼ਣਾ ਕਰਦੇ ਹੋਏ ਚੰਗਾ ਕੀਤਾ ਕਿ ਉਸ ਨੂੰ ਚੰਗਾ ਹੋਣ ਦਾ ਹੱਕ ਸੀ ਕਿਉਂਕਿ ਉਹ ਅਬਰਾਹਾਮ ਦੀ ਧੀ ਸੀ। ਯਿਸੂ ਨੇ ਕਿਹਾ, *"ਫੇਰ ਭਲਾ, ਇਹ ਤੀਵੀਂ ਜੋ ਅਬਰਾਹਾਮ ਦੀ ਧੀ ਹੈ ਜਿਹ ਨੂੰ ਸ਼ੈਤਾਨ ਨੇ ਵੇਖੋ ਅਠਾਰਾਂ ਵਰਿਹਾਂ ਤੋਂ ਬੰਨ੍ਹ ਰੱਖਿਆ ਹੈ ਇਹ ਨੂੰ ਸਬਤ ਦੇ ਦਿਨ ਇਸ ਬੰਧਨ ਤੋਂ ਛੁਡਾਉਣਾ ਯੋਗ ਨਹੀਂ ਸੀ?"* (ਲੂਕਾ 13:16)। ਉਸ ਨੂੰ ਚੰਗਾ ਹੋਣ ਦਾ ਹੱਕ ਸੀ ਕਿਉਂਕਿ ਉਸ ਨੂੰ ਅਬਰਾਹਾਮ ਦੀ ਬਰਕਤ ਵਿਰਾਸਤ ਵਿੱਚ ਮਿਲੀ ਸੀ ਭਾਵੇਂ ਕਿ ਪਰਮੇਸ਼ੁਰ ਨੇ ਕਦੇ ਵੀ ਅਬਰਾਹਾਮ ਨੂੰ ਵਿਸ਼ੇਸ਼ ਰੂਪ ਵਿੱਚ ਇਹ ਨਹੀਂ ਕਿਹਾ ਸੀ ਕਿ ਚੰਗਿਆਈ ਉਨ੍ਹਾਂ ਬਰਕਤਾਂ ਵਿੱਚੋਂ ਇੱਕ ਹੋਵੇਗੀ। ਪਰਮੇਸ਼ੁਰ ਨੇ ਸਿਰਫ਼ ਇਹ ਕਿਹਾ ਸੀ, *"ਮੈਂ ਤੈਨੂੰ ਬਰਕਤ ਦਿਆਂਗਾ"* ਅਤੇ ਇਹ ਕਿ ਉਹ ਅਬਰਾਹਾਮ ਦੀ ਅੰਸ ਦੇ ਨਾਲ ਬਰਕਤ ਦੇ

ਇਸ ਨੇਮ ਨੂੰ ਸਥਾਪਿਤ ਕਰੇਗਾ (ਉਤਪਤ 12:1-3; ਉਤਪਤ 17:7)। ਇਸ ਲਈ, ਜਦੋਂ ਪਰਮੇਸ਼ੁਰ ਕਹਿੰਦਾ ਹੈ ਕਿ ਉਹ ਸਾਨੂੰ ਬਰਕਤ ਦੇਵੇਗਾ, ਉਸ ਦਾ ਮਤਲਬ ਇਹ ਹੈ ਕਿ ਉਹ ਸਾਡੇ ਜੀਵਨਾਂ ਵਿੱਚ ਉਹ ਸਭ ਜੋ ਉਹ ਹੈ - ਉਸ ਦੀ ਭਲਿਆਈ ਉਸ ਦੀ ਦਿਆਲਗੀ, ਉਸ ਦੀ ਦਯਾ, ਉਸ ਦੀ ਸ਼ਕਤੀ, ਉਸ ਦੀ ਚੰਗਿਆਈ, ਉਸ ਦਾ ਪ੍ਰਬੰਧ, ਆਦਿ-ਦੇਵੇਗਾ ਤਾਂ ਜੋ ਅਸੀਂ ਤਜ਼ਰਬਾ ਕਰ ਸਕੀਏ ਕਿ ਕਿਸ ਦੀ ਸ਼ਖ਼ਸੀਅਤ ਕੀ ਹੈ। ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, ਅਬਰਾਹਾਮ ਦੇ ਨੇਮ ਅਤੇ ਪੁਰਾਣੇ ਨੇਮ ਵੱਲ ਝਾਤੀ ਮਾਰਦਿਆਂ, ਅਸੀਂ ਵੇਖਦੇ ਹਾਂ ਕਿ ਪ੍ਰਭੂ ਨੇ ਆਪਣੇ ਨੇਮ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਕੰਮ ਵਾਲੀਆਂ ਥਾਵਾਂ ‘ਤੇ ਬਰਕਤ ਦਾ ਤਜ਼ਰਬਾ ਕਰਵਾਇਆ।

## ਤੇਰੀ ਜ਼ਮੀਨ ਮੁਬਾਰਕ ਹੈ

ਅਬਰਾਹਾਮ ਨੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀਆਂ ਬਰਕਤਾਂ ਦਾ ਤਜ਼ਰਬਾ ਕੀਤਾ। ਹਾਲਾਂਕਿ ਪਹਿਲੀ ਗੱਲ ਇਹ ਪ੍ਰਤੀਤ ਹੁੰਦੀ ਹੈ ਕਿ ਅਬਰਾਹਾਮ ਅਮੀਰ ਸੀ (ਉਤਪਤ 13:2), ਪਰ ਪਰਮੇਸ਼ੁਰ ਦੀ ਬਰਕਤ ਨੇ ਉਸ ਨੂੰ ਫਲਦਾਰ ਬਣਾਇਆ ਅਤੇ ਹੋਰ ਵੀ ਵਧਾਇਆ। *“ਹੁਣ ਅਬਰਾਹਾਮ ਬਹੁਤ ਬਿਰਧ ਅਰ ਵੱਡੀ ਉਮਰ ਦਾ ਹੋ ਗਿਆ ਸੀ ਅਰ ਯਹੋਵਾਹ ਨੇ ਸਾਰੀਆਂ ਗੱਲਾਂ ਵਿੱਚ ਅਬਰਾਹਾਮ ਨੂੰ ਬਰਕਤ ਦਿੱਤੀ”* (ਉਤਪਤ 24:1)। *“ਅਰ ਯਹੋਵਾਹ ਨੇ ਮੇਰੇ ਸਵਾਮੀ ਨੂੰ ਵੱਡੀ ਬਰਕਤ ਦਿੱਤੀ ਹੈ ਅਰ ਉਹ ਨੂੰ ਵੱਡਾ ਆਦਮੀ ਬਣਾ ਦਿੱਤਾ ਹੈ ਅਤੇ ਉਸ ਨੇ ਉਹ ਨੂੰ ਭੇਡਾਂ ਅਰ ਗਾਈਆਂ ਬਲਦ ਅਰ ਸੋਨਾ ਅਰ ਚਾਂਦੀ ਅਰ ਗੋਲੇ ਗੋਲੀਆਂ ਅਰ ਊਠ ਅਰ ਗਧੇ ਦਿੱਤੇ ਹਨ”* (ਉਤਪਤ 24:35)।

ਅਬਰਾਹਾਮ ਦੇ ਪੁੱਤਰ, ਇਸਹਾਕ ਨੇ ਕੰਮ ਵਾਲੀ ਥਾਂ ‘ਤੇ ਪਰਮੇਸ਼ੁਰ ਦੀ ਬਰਕਤ ਦਾ ਤਜ਼ਰਬਾ ਕੀਤਾ। *“ਇਸਹਾਕ ਉਸ ਧਰਤੀ ਵਿੱਚ ਬੀ ਬੀਜਿਆ ਅਰ ਉਸੇ ਸਾਲ ਸੌ ਗੁਣਾ ਪ੍ਰਾਪਤ ਕੀਤਾ ਅਤੇ ਯਹੋਵਾਹ ਨੇ ਉਸ ਨੂੰ ਬਰਕਤ ਦਿੱਤੀ। ਸੋ ਉਹ ਮਨੁੱਖ ਵਧ ਗਿਆ ਅਰ ਵੱਧਦਾ ਚਲਾ ਗਿਆ ਅਰ ਉਹ ਅੱਤ ਵੱਡਾ ਹੋ ਗਿਆ”* (ਉਤਪਤ 26:12,13)।

ਪੁਰਾਣੇ ਨੇਮ ਦੇ ਅਧੀਨ, ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਲਈ ਹੇਠਾਂ ਲਿਖੀਆਂ ਬਰਕਤਾਂ ਦਾ ਐਲਾਨ ਕੀਤਾ ਜੋ ਉਸ ਦੀ ਆਗਿਆਕਾਰੀ ਵਿੱਚ ਚੱਲਦੇ ਸਨ।

**ਬਿਵਸਥਾ ਸਾਰ 28:3-6**
**3 ਮੁਬਾਰਕ ਹੋਵੋਗੇ ਤੁਸੀਂ ਸ਼ਹਿਰ ਵਿੱਚ ਅਤੇ ਮੁਬਾਰਕ ਹੋਵੋਗੇ ਤੁਸੀਂ ਖੇਤ ਵਿੱਚ।**
**4 ਮੁਬਾਰਕ ਹੋਵੇਗਾ ਤੁਹਾਡੇ ਸਰੀਰ ਦਾ ਫਲ, ਤੁਹਾਡੀ ਜ਼ਮੀਨ ਦਾ ਫਲ, ਤੁਹਾਡੇ ਡੰਗਰ ਦਾ ਫਲ, ਤੁਹਾਡੇ ਚੋਣੇ ਦਾ ਵਾਧਾ ਅਤੇ ਤੁਹਾਡੇ ਇੱਜੜ ਦੇ ਬੱਚੇ।**
**5 ਮੁਬਾਰਕ ਹੋਵੇਗੀ ਤੁਹਾਡੀ ਖਾਰੀ ਅਤੇ ਤੁਹਾਡਾ ਪਰਾਂਤੜਾ।**
**6 ਮੁਬਾਰਕ ਹੋਵੋਗੇ ਤੁਸੀਂ ਆਪਣੇ ਅੰਦਰ ਆਉਣ ਵਿੱਚ ਅਤੇ ਮੁਬਾਰਕ ਹੋਵੋਗੇ ਤੁਸੀਂ ਆਪਣੇ ਬਾਹਰ ਜਾਣ ਵਿੱਚ।**

ਪਤਨ ਕੰਮ ਵਾਲੀ ਥਾਂ ‘ਤੇ ਸਰਾਪ ਲੈ ਕੇ ਆਇਆ, ਪਰ ਉਨ੍ਹਾਂ ਲਈ ਜਿਹੜੇ ਉਸ ਨਾਲ ਲਹੂ ਦੇ ਨੇਮ ਵਿੱਚ ਹਨ, ਪਰਮੇਸ਼ੁਰ ਨੇ ਉਨ੍ਹਾਂ ਦੇ ਕੰਮ ਵਾਲੀ ਥਾਂ ‘ਤੇ ਬਰਕਤ ਦਾ ਐਲਾਨ ਕੀਤਾ। ਕੀ ਸਾਨੂੰ ਨਵੇਂ ਨੇਮ ਵਿੱਚ ਆਪਣੇ ਲਈ ਇਹ ਉਮੀਦ ਨਹੀਂ ਕਰਨੀ ਚਾਹੀਦੀ?

## ਤੇਰੇ ਹੱਥਾਂ ਦੇ ਸਾਰੇ ਕੰਮ ਮੁਬਾਰਕ ਹਨ

ਪਤਨ ਕੰਮ ਵਾਲੀ ਥਾਂ ‘ਤੇ ਕਠਿਨਾਈ, ਮਿਹਨਤ, ਪਸੀਨਾ, ਮਜ਼ਦੂਰੀ ਅਤੇ ਉਸ ਮਜ਼ਦੂਰੀ ਦਾ ਘਟੋ ਤੋਂ ਘੱਟ ਫਲ ਲੈ ਕੇ ਆਇਆ। ਉਨ੍ਹਾਂ ਲਈ ਜਿਹੜੇ ਉਸ ਦੇ ਨਾਲ ਲਹੂ ਦੇ ਨੇਮ ਵਿੱਚ ਹਨ, ਪਰਮੇਸ਼ੁਰ ਨੇ ਉਨ੍ਹਾਂ ਦੇ ਕੰਮ ‘ਤੇ ਬਰਕਤਾਂ ਦਾ ਐਲਾਨ ਕੀਤਾ।

**ਬਿਵਸਥਾ ਸਾਰ 28:8,12,13**
**8 ਯਹੋਵਾਹ ਤੁਹਾਡੇ ਲਈ ਅਸੀਸ ਦੀ ਆਗਿਆ ਤੁਹਾਡੇ ਮੋਦੀ ਖ਼ਾਨਿਆਂ ਵਿੱਚ ਅਤੇ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਵਿੱਚ ਦੇਵੇਗਾ ਅਤੇ ਉਹ ਤੁਹਾਨੂੰ ਉਸ ਦੇਸ਼ ਵਿੱਚ ਅਸੀਸ ਦੇਵੇਗਾ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਦਿੰਦਾ ਹੈ।**
**12 ਯਹੋਵਾਹ ਤੁਹਾਡੇ ਲਈ ਆਪਣਾ ਚੰਗਾ ਅਕਾਸ਼ ਰੂਪੀ ਭੰਡਾਰ ਖੋਲ੍ਹੇਗਾ ਕਿ ਵੇਲੇ ਸਿਰ ਤੁਹਾਡੀ ਧਰਤੀ ਉੱਤੇ ਮੀਂਹ ਪਾਵੇ ਅਤੇ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਉੱਤੇ ਬਰਕਤ ਦੇਵੇ। ਤੁਸੀਂ ਬਹੁਤੀਆਂ ਕੌਮਾਂ ਨੂੰ ਕਰਜ਼ ਦਿਓਗੇ ਪਰ ਤੁਸੀਂ ਆਪ ਕਰਜ਼ ਨਹੀਂ ਲਓਗੇ**
**13 ਯਹੋਵਾਹ ਤੁਹਾਨੂੰ ਸਿਰ ਠਹਿਰਾਵੇਗਾ ਪਰ ਪੂਛ ਨਹੀਂ ਅਤੇ ਤੁਸੀਂ ਉੱਤੇ ਹੀ ਰਹੋਗੇ ਪਰ ਹੇਠਾਂ ਨਹੀਂ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮਾਂ ਨੂੰ ਸੁਣੋ ਜਿਹੜੇ ਅੱਜ ਮੈਂ ਤੁਹਾਨੂੰ ਪਾਲਨਾ ਕਰਨ ਲਈ ਦਿੰਦਾ ਹਾਂ।**

ਪੁਰਾਣੇ ਨੇਮ ਦੇ ਅਧੀਨ, ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜੇਕਰ ਉਹ ਉਸ ਦੇ ਰਾਹਾਂ ਅਤੇ ਉਸ ਦੇ ਬਚਨ ਉੱਤੇ ਚੱਲਣਗੇ, ਤਾਂ ਉਨ੍ਹਾਂ ਦੇ

ਹੱਥਾਂ ਦੇ ਸਾਰੇ ਕੰਮ ਸਫ਼ਲ ਹੋਣਗੇ। ਇਸ ਲਈ, ਪਵਿੱਤਰ ਆਤਮਾ ਤੋਂ ਪ੍ਰੇਰਿਤ ਹੋ ਕੇ, ਜ਼ਬੂਰ ਦੇ ਲੇਖਕ ਨੇ ਲਿਖਿਆ,

**ਜ਼ਬੂਰ 1:1-3**
**1 ਧੰਨ ਹੈ ਉਹ ਮਨੁੱਖ**
**ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ,**
**ਨਾ ਪਾਪੀਆਂ ਦੇ ਰਾਹ ਵਿੱਚ ਖੜ੍ਹਾ ਰਹਿੰਦਾ,**
**ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ।**
**2 ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ,**
**ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ।**
**3 ਉਹ ਤਾਂ ਉਸ ਬਿਰਛ ਵਰਗਾ ਹੋਵੇਗਾ,**
**ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ,**
**ਜਿਹੜਾ ਰੁੱਤ ਸਿਰ ਆਪਣਾ ਫਲ ਦਿੰਦਾ ਹੈ,**
**ਜਿਹ ਦੇ ਪੱਤੇ ਨਹੀਂ ਕੁਮਲਾਉਂਦੇ,**
**ਅਤੇ ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।**

ਕੀ ਸਾਨੂੰ ਨਵੇਂ ਨੇਮ ਵਿੱਚ ਆਪਣੇ ਲਈ ਇਹ ਉਮੀਦ ਨਹੀਂ ਕਰਨੀ ਚਾਹੀਦੀ?

## ਪਰਮੇਸ਼ੁਰ ਧਨ ਕਮਾਉਣ ਦਾ ਬਲ ਦਿੰਦਾ ਹੈ

ਪੁਰਾਣੇ ਨੇਮ ਦੇ ਲੋਕ ਸਮਝਦੇ ਸਨ ਕਿ ਇਹ ਪਰਮੇਸ਼ੁਰ ਹੀ ਸੀ ਜਿਸ ਨੇ ਉਨ੍ਹਾਂ ਨੂੰ ਉਨ੍ਹਾਂ ਨਾਲ ਆਪਣੇ ਨੇਮ ਦੇ ਹਿੱਸੇ ਵਜੋਂ ਧਨ ਕਮਾਉਣ ਦਾ ਬਲ ਦਿੱਤਾ ਜਦੋਂ ਤੱਕ ਉਹ ਪ੍ਰਭੂ ਦੇ ਡਰ ਅਤੇ ਉਸ ਦੀ ਆਗਿਆਕਾਰੀ ਵਿੱਚ ਚੱਲਦੇ ਰਹੇ।

**ਬਿਵਸਥਾ ਸਾਰ 8:18**
**ਪਰ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਯਾਦ ਰੱਖੋ ਕਿਉਂ ਜੋ ਉਹੀ ਤੁਹਾਨੂੰ ਬਲ ਦਿੰਦਾ ਹੈ ਕਿ ਤੁਸੀਂ ਧਨ ਕਮਾਓ ਤਾਂ ਜੋ ਉਹ ਆਪਣਾ ਨੇਮ ਕਾਇਮ ਰੱਖੇ ਜਿਹ ਦੀ ਸੌਂਹ ਤੁਹਾਡੇ ਪਿਉ ਦਾਦਿਆਂ ਨਾਲ ਖਾਧੀ ਸੀ ਜਿਵੇਂ ਅੱਜ ਦੇ ਦਿਨ ਹੈ।**

**ਜ਼ਬੂਰ 112:1-3**
**1 ਹਾਲੇਲੂਯਾਹ! ਧੰਨ ਹੈ ਉਹ ਮਨੁੱਖ ਜਿਹੜਾ ਯਹੋਵਾਹ ਦਾ ਭੈਅ ਮੰਨਦਾ ਹੈ,**
**ਉਹ ਉਸ ਦੇ ਹੁਕਮਾਂ ਵਿੱਚ ਬਹੁਤ ਮਗਨ ਰਹਿੰਦਾ ਹੈ।**
**2 ਉਹ ਦੀ ਅੰਸ ਧਰਤੀ ਉੱਤੇ ਬਲਵਾਨ ਹੋਵੇਗੀ,**

**ਸਚਿਆਰਾਂ ਦੀ ਪੀੜ੍ਹੀ ਮੁਬਾਰਕ ਹੋਵੇਗੀ।**
**3 ਧਨ ਦੌਲਤ ਉਹ ਦੇ ਘਰ ਵਿੱਚ ਹੈ**
**ਅਤੇ ਉਹ ਦਾ ਧਰਮ ਸਦਾ ਤੀਕ ਬਣਿਆ ਰਹਿੰਦਾ ਹੈ।**

ਕੀ ਸਾਨੂੰ ਨਵੇਂ ਨੇਮ ਵਿੱਚ ਆਪਣੇ ਲਈ ਇਹ ਉਮੀਦ ਨਹੀਂ ਕਰਨੀ ਚਾਹੀਦੀ?

## ਤੁਹਾਡੇ ਖਾਣ ਵਾਲੇ ਨੂੰ ਝਿੜਕਿਆ ਗਿਆ ਹੈ

ਪੁਰਾਣੇ ਨੇਮ ਦੇ ਅਧੀਨ ਲੋਕਾਂ ਨੂੰ ਉਨ੍ਹਾਂ ਦੀ ਮਿਹਨਤ ਦੇ ਫਲ ਨਾਲ ਪਰਮੇਸ਼ੁਰ ਦਾ ਆਦਰ ਕਰਨਾ ਸਿਖਾਇਆ ਗਿਆ ਸੀ। ਉਨ੍ਹਾਂ ਨੇ ਆਪਣੇ ਕੰਮ ਵਾਲੀ ਥਾਂ ਤੋਂ ਜੋ ਕੁਝ ਕਮਾਇਆ ਜਾਂ ਪ੍ਰਾਪਤ ਕੀਤਾ, ਉਸ ਵਿੱਚੋਂ ਉਨ੍ਹਾਂ ਨੇ ਪ੍ਰਭੂ ਨੂੰ ਇੱਕ ਹਿੱਸਾ ਦਿੱਤਾ। ਪ੍ਰਭੂ ਨੂੰ ਦੇਣਾ, ਅਸਲ ਵਿੱਚ ਪਰਮੇਸ਼ੁਰ ਪ੍ਰਤੀ ਅਰਾਧਨਾ ਦਾ ਕਾਰਜ ਹੋਣ ਦੇ ਨਾਲ-ਨਾਲ ਇਹ ਵੀ ਹੈ ਕਿ ਉਹ ਹੋਰ ਵੀ ਫਲ ਦਾ ਅਨੰਦ ਮਾਣਨ।

**ਕਹਾਉਤਾਂ 3:9,10**
**9 ਆਪਣਾ ਮਾਲ ਅਤੇ ਆਪਣੀ ਸਾਰੀ ਪੈਦਾਵਾਰ ਦੇ ਪਹਿਲੇ ਫਲ ਨਾਲ**
**ਯਹੋਵਾਹ ਦੀ ਮਹਿਮਾ ਕਰ,**
**10 ਤਾਂ ਤੇਰੇ ਖਾਤੇ ਪੈਦਾਵਾਰ ਨਾਲ ਭਰੇ ਪੂਰੇ ਰਹਿਣਗੇ,**
**ਅਤੇ ਤੇਰੇ ਦਾਖਾਂ ਦੇ ਵੇਲਣੇ ਨਵੇਂ ਰਸ ਨਾਲ ਛਲਕਣਗੇ।**

ਉਨ੍ਹਾਂ ਲਈ ਜਿਹੜੇ ਆਗਿਆਕਾਰੀ ਨਾਲ ਆਪਣੀ ਉਪਜ (ਅਰਥਾਤ, ਆਪਣੀ ਆਮਦਨ, ਕਮਾਈ) ਦਾ ਦਸਵਾਂ ਹਿੱਸਾ ਪਰਮੇਸ਼ੁਰ ਦੇ ਘਰ ਲਿਆਉਂਦੇ ਹਨ, ਪਰਮੇਸ਼ੁਰ ਨੇ ਵਾਇਦਾ ਕੀਤਾ ਹੈ,

**ਮਲਾਕੀ 3:11**
**"ਮੈਂ ਤੁਹਾਡੇ ਲਈ ਖਾਣ ਵਾਲੇ ਨੂੰ ਝਿੜਕਾਂਗਾ,**
**ਕਿ ਓਹ ਤੁਹਾਡੀ ਜ਼ਮੀਨ ਦੇ ਫਲਾਂ ਨੂੰ ਨਾਸ਼ ਨਾ ਕਰੇ,**
**ਅਤੇ ਤੁਹਾਡੇ ਅੰਗੂਰ ਪੈਲੀ ਵਿੱਚ ਅਫਲ ਨਾ ਰਹਿ ਜਾਣ,**
**ਸੈਨਾਂ ਦਾ ਯਹੋਵਾਹ ਆਖਦਾ ਹੈ।"**

ਪਤਨ ਨੇ ਕੰਮ ਵਾਲੀ ਥਾਂ ਤੇ "ਕੰਡੇ ਅਤੇ ਕੰਡਿਆਲੇ" ਉਗਾਏ। ਪਰ ਪਰਮੇਸ਼ੁਰ ਖ਼ੁਦ ਆਪਣੇ ਨੇਮ ਦੇ ਲੋਕਾਂ ਲਈ ਸਾਈ ਵਜੋਂ ਖੜ੍ਹਾ ਸੀ, ਜੋ ਇਹ ਯਕੀਨੀ ਬਣਾਉਣ ਲਈ ਜੋ ਉਸ ਦੀ ਆਗਿਆਕਾਰੀ ਵਿੱਚ ਚੱਲਦੇ ਸਨ ਕਿ ਉਨ੍ਹਾਂ

ਦੀ ਜ਼ਮੀਨ ਦਾ ਫਲ ਨਾਸ਼ ਨਹੀਂ ਹੋਵੇਗਾ।

ਕੀ ਸਾਨੂੰ ਨਵੇਂ ਨੇਮ ਵਿੱਚ ਆਪਣੇ ਲਈ ਇਹ ਉਮੀਦ ਨਹੀਂ ਕਰਨੀ ਚਾਹੀਦੀ?

## ਤੁਸੀਂ ਆਪਣੇ ਹੱਥਾਂ ਦੇ ਕੰਮ ਦਾ ਅਨੰਦ ਮਾਣੋਗੇ

ਪੁਰਾਣੇ ਨੇਮ ਦੇ ਅਧੀਨ ਪਰਮੇਸ਼ੁਰ ਦੇ ਲੋਕ ਸਮਝਦੇ ਸਨ ਕਿ ਪ੍ਰਭੂ ਦੀ ਬਰਕਤ ਦੇ ਹਿੱਸੇ ਵਜੋਂ, ਅਸੀਂ ਆਪਣੇ ਕੰਮ ਅਤੇ ਆਪਣੇ ਕੰਮ ਦੇ ਫਲ ਦਾ ਅਨੰਦ ਮਾਣ ਸਕਦੇ ਹਾਂ ਅਤੇ ਇਹ ਸਾਡੇ ਨਾਲ ਚੰਗਾ ਹੋਵੇਗਾ।

**ਜ਼ਬੂਰ 128:1,2**
**[1] ਧੰਨ ਹੈ ਹਰੇਕ ਜੋ ਯਹੋਵਾਹ ਦਾ ਭੈਅ ਮੰਨਦਾ ਹੈ,**
**ਅਤੇ ਉਸ ਦਿਆਂ ਰਾਹਾਂ ਉੱਤੇ ਚੱਲਦਾ ਹੈ!**
**[2] ਤੂੰ ਆਪਣੇ ਹੱਥਾਂ ਦੀ ਕਮਾਈ ਜ਼ਰੂਰ ਖਾਏਂਗਾ,**
**ਤੂੰ ਧੰਨ ਹੋਵੇਂਗਾ ਅਤੇ ਤੇਰਾ ਭਲਾ ਹੋਵੇਗਾ।**

**ਉਪਦੇਸ਼ਕ 3:13**
**ਇਹ ਵੀ ਜੋ ਹਰੇਕ ਆਦਮੀ ਖਾਵੇ ਪੀਵੇ ਅਤੇ ਆਪੋ ਆਪਣੇ ਧੰਦੇ ਦਾ ਲਾਭ ਭੋਗੇ, ਤਾਂ ਇਹ ਵੀ ਪਰਮੇਸ਼ੁਰ ਦੀ ਦਾਤ ਹੈ।**

**ਉਪਦੇਸ਼ਕ 5:19**
**ਹਰ ਆਦਮੀ ਲਈ ਜਿਹ ਨੂੰ ਪਰਮੇਸ਼ੁਰ ਨੇ ਧਨ ਪਦਾਰਥ ਦਿੱਤਾ ਹੈ ਨਾਲੇ ਸਮਰੱਥਾ ਜੋ ਉਹ ਉਨ੍ਹਾਂ ਤੋਂ ਮੌਜ ਕਰੇ ਅਤੇ ਆਪਣਾ ਭਾਗ ਭੋਗੇ ਅਤੇ ਆਪਣੇ ਧੰਦੇ ਤੋਂ ਅਨੰਦ ਹੋਵੇ, ਇਹ ਵੀ ਪਰਮੇਸ਼ੁਰ ਦੀ ਦਾਤ ਹੈ।**

ਆਪਣੇ ਕੰਮ ਦਾ ਅਨੰਦ ਲੈਣਾ ਅਤੇ ਆਪਣੇ ਕੰਮ ਦੇ ਫਲ ਦਾ ਅਨੰਦ ਲੈਣਾ ਪਰਮੇਸ਼ੁਰ ਦੀ ਇੱਕ ਦਾਤ ਹੈ। ਪਰਮੇਸ਼ੁਰ ਅੱਜ ਸਾਨੂੰ, ਉਸ ਦੇ ਲੋਕਾਂ ਨੂੰ ਵੀ, ਇਹ ਦਾਤ ਦਿੰਦਾ ਹੈ!

# 3
# ਅਪੂਰਨ ਸੰਸਾਰ ਵਿੱਚ ਕੰਮ ਕਰਨਾ

ਇਸ ਅਧਿਐਨ ਵਿੱਚ ਸਾਡਾ ਉਦੇਸ਼ ਵਿਸ਼ਵਾਸੀਆਂ ਨੂੰ ਸਾਡੇ ਕੰਮ ਵਾਲੀ ਥਾਂ ਤੋਂ ਛੁਟਕਾਰੇ ਦੀ ਰੌਸ਼ਨੀ ਵਿੱਚ ਵੇਖਣ ਲਈ ਉਤਸ਼ਾਹਿਤ ਕਰਨਾ ਹੈ ਅਤੇ ਇਸ ਲਈ, ਸਾਡੇ ਕੰਮ ਵਾਲੀ ਥਾਂ ਅਤੇ ਕੰਮ ਵਾਲੇ ਜੀਵਨ ਲਈ ਪਰਮੇਸ਼ੁਰ ਦੀ ਮੂਲ ਯੋਜਨਾ ਨੂੰ ਮੁੜ ਖੋਜਣ ਦੇ ਵਿਕੱਲਪ ਦਾ ਪਿੱਛਾ ਕਰਨਾ ਹੈ। ਅਸੀਂ, ਬੇਸ਼ੱਕ, ਮੌਜੂਦਾ ਸਥਿਤੀ ਦੇ ਨਾਲ ਸਮਝੌਤਾ ਕਰ ਸਕਦੇ ਹਾਂ ਅਤੇ ਸੰਸਾਰ ਵਿੱਚ ਹਰ ਕਿਸੇ ਵਾਂਗ ਆਪਣੇ ਕੰਮ ਵਾਲੇ ਜੀਵਨ ਨੂੰ ਗੁਜ਼ਾਰ ਸਕਦੇ ਹਾਂ ਜਾਂ ਅਸੀਂ ਮਸੀਹ ਦੇ ਛੁਟਕਾਰੇ ਦੇ ਕੰਮ ਨੂੰ ਲਾਗੂ ਕਰਨ ਅਤੇ ਕੰਮ ਵਾਲੀ ਥਾਂ ‘ਤੇ ਸਾਡੇ ਨਵੇਂ ਨੇਮ ਦੀਆਂ ਬਰਕਤਾਂ ਪ੍ਰਾਪਤ ਕਰਨ ਲਈ ਇੱਕ ਦ੍ਰਿੜ ਚੋਣ ਕਰ ਸਕਦੇ ਹਾਂ।

ਅਸੀਂ ਆਪਣੇ ਕੰਮ ਵਾਲੀ ਥਾਂ ‘ਤੇ ਵੱਖਰੀਆਂ ਚੀਜ਼ਾਂ ਹੋਣ ਦੀ ਉਮੀਦ ਕਰ ਸਕਦੇ ਹਾਂ।

ਜਦੋਂ ਤੁਸੀਂ ਆਪਣੇ ਬਾਗ਼ ਦੀ ਦੇਖਭਾਲ ਕਰਦੇ ਹੋ (ਆਪਣਾ ਕੰਮ ਕਰਦੇ ਹੋ), ਤਾਂ ਕੀ ਤੁਸੀਂ ਉਸ ਚੀਜ਼ ਨੂੰ ਹਾਸਿਲ ਕਰਨ ਦੀ ਕੋਸ਼ਿਸ਼ ਕਰੋਗੇ ਜੋ ਪਰਮੇਸ਼ੁਰ ਅਸਲ ਵਿੱਚ ਚਾਹੁੰਦਾ ਸੀ? ਕੀ ਤੁਸੀਂ ਆਪਣੇ ਕੰਮ, ਕੰਮ ਵਾਲੀ ਥਾਂ ਅਤੇ ਕੰਮ ਵਾਲੇ ਜੀਵਨ ਲਈ ਉਹ ਪ੍ਰਾਪਤ ਕਰਨ ਲਈ ਵਿਸ਼ਵਾਸ ਨਾਲ ਪਹੁੰਚ ਕਰੋਗੇ ਜੋ ਪਰਮੇਸ਼ੁਰ ਦੀ ਛੁਟਕਾਰਾ ਪਾਈ ਹੋਈ, ਨੇਮ ਦੀ ਸੰਤਾਨ ਵਜੋਂ ਤੁਹਾਡਾ ਹੈ?

## ਸਲੀਬ ਦੀ ਸ਼ਕਤੀ ਨੂੰ ਤੁਹਾਡੇ ਕੰਮ ਵਾਲੀ ਥਾਂ ਅਤੇ ਕੰਮ ਵਾਲੇ ਜੀਵਨ ਨੂੰ ਪ੍ਰਭਾਵਿਤ ਕਰਨ ਦੀ ਉਮੀਦ ਕਰੋ

ਅਸੀਂ ਇੱਕ ਪਤਿਤ ਸੰਸਾਰ ਵਿੱਚ ਹਾਂ। ਜ਼ਿੰਦਗੀ ਹਮੇਸ਼ਾਂ ਹਸੀਨ ਨਹੀਂ ਹੁੰਦੀ। ਕੰਮ ਵਾਲੀ ਥਾਂ ‘ਤੇ ਚੀਜ਼ਾਂ ਹਮੇਸ਼ਾਂ ਅਸਾਨ ਨਹੀਂ ਹੋਣਗੀਆਂ। ਕੰਮ ਵਾਲੀ ਥਾਂ ‘ਤੇ ਨਿਰਾਸ਼ਾ, ਚੁਣੌਤੀਆਂ, ਨੁਕਤਾਚੀਨੀ ਕਰਨ ਵਾਲੇ ਮਾਲਕ ਅਤੇ ਬੇਈਮਾਨੀ ਨਾਲ ਕੰਮ ਕਰਨ ਵਾਲੇ ਲੋਕ ਹੋਣਗੇ। ਬਜ਼ਾਰਾਂ ਵਿੱਚ ਉਤਰਾਅ-ਚੜ੍ਹਾਅ ਆਵੇਗਾ, ਅਰਥ-ਵਿਵਸਥਾਵਾਂ ਵਿੱਚ ਵਾਧਾ ਅਤੇ ਗਿਰਾਵਟ ਆਵੇਗੀ ਅਤੇ ਬਰਖਾਸਤਗੀਆਂ,

ਤਨਖਾਹਾਂ ਵਿੱਚ ਕਟੌਤੀਆਂ ਅਤੇ ਦੂਸਰੀਆਂ ਕਈ ਤਰ੍ਹਾਂ ਦੀਆਂ ਤਬਦੀਲੀਆਂ ਹੋਣਗੀਆਂ ਜਿਨ੍ਹਾਂ ਦੀ ਕਦੇ ਉਮੀਦ ਨਹੀਂ ਕੀਤੀ ਹੋਵੇਗੀ। ਅਜਿਹੀਆਂ ਸੰਸਥਾਵਾਂ ਹੋਣਗੀਆਂ ਜੋ ਅਨੈਤਿਕ ਤਰੀਕਿਆਂ ਰਾਹੀਂ ਭਾਰੀ ਮੁਨਾਫ਼ਾ ਕਮਾਉਣ ਵਾਲੀਆਂ, ਕੁਧਰਮ ਨੂੰ ਉਤਸ਼ਾਹਿਤ ਕਰਨ ਵਾਲੀਆਂ ਹੋਣਗੀਆਂ, ਆਦਿ।

ਇੱਕ ਪਾਸੇ ਬਹੁਤ ਸਾਰਾ ਧਨ ਅਤੇ ਦੂਜੇ ਪਾਸੇ ਭਾਰੀ ਗਰੀਬੀ ਅਤੇ ਘਾਟ ਹੋਵੇਗੀ। ਇਸ ਸਭ ਦੇ ਵਿਚਾਲੇ, ਕੀ ਅਸੀਂ, ਵਿਸ਼ਵਾਸੀ ਹੋਣ ਦੇ ਨਾਤੇ, ਕੰਮ ਵਾਲੀ ਥਾਂ ‘ਤੇ ਜੋ ਵੀ ਭੂਮਿਕਾ ਨਿਭਾਉਂਦੇ ਹਾਂ, ਉਸ ਵਿੱਚ ਛੁਟਕਾਰਾ ਪਾਏ, ਨੇਮ ਵਾਲੇ ਲੋਕਾਂ ਵਜੋਂ ਕੰਮ ਕਰਨ ਦਾ ਦ੍ਰਿੜ੍ਹ ਸੰਕਲਪ ਲੈ ਸਕਦੇ ਹਾਂ?

## ਵਿਸ਼ਵਾਸ ਦੀ ਮੇਰੀ ਘੋਸ਼ਣਾ

*ਜਦੋਂ ਮੈਂ ਆਪਣੇ ਕੰਮ ਵਾਲੀ ਥਾਂ ‘ਤੇ ਜਾਂਦਾ ਹਾਂ, ਮੈਨੂੰ ਮੇਰੇ ਕੰਮ, ਮੇਰੇ ਕੰਮ ਵਾਲੀ ਥਾਂ ਅਤੇ ਮੇਰੇ ਕੰਮਕਾਜੀ ਜੀਵਨ ਨੂੰ ਪ੍ਰਭਾਵਿਤ ਕਰਨ ਲਈ ਸਲੀਬ ਦੀ ਛੁਟਕਾਰਾ ਦੇਣ ਵਾਲੀ ਸ਼ਕਤੀ ਪ੍ਰਾਪਤ ਹੁੰਦੀ ਹੈ। ਸਲੀਬ ਦੇ ਕਾਰਨ, ਸਰਾਪ ਉਲਟਾਅ ਦਿੱਤਾ ਗਿਆ ਹੈ ਅਤੇ ਮੇਰੇ ਕੰਮ ਵਾਲੀ ਥਾਂ ਮੁਬਾਰਕ ਹੈ। ਸਲੀਬ ਦੇ ਕਾਰਨ, ਮੈਂ ਉਸ ਕੰਮ ਵਿੱਚ ਜੋ ਮੈਂ ਕਰਦਾ ਹਾਂ ਫਲਦਾਇਕਤਾ ਅਤੇ ਅਨੰਦ ਦਾ ਐਲਾਨ ਕਰਦਾ ਹਾਂ। ਸਲੀਬ ਦੇ ਕਾਰਨ, ਮੈਂ ਕੰਡਿਆਂ ਅਤੇ ਕੰਡਿਆਲਿਆਂ ਨੂੰ, ਉਨ੍ਹਾਂ ਚੀਜ਼ਾਂ ਨੂੰ ਜੋ ਕੰਮ ਵਾਲੀ ਥਾਂ ਤੇ ਵਿਰੋਧ ਕਰਦੀਆਂ ਹਨ, ਰੁਕਾਵਟ ਪਾਉਂਦੀਆਂ ਹਨ ਅਤੇ ਪੀੜ੍ਹ ਦਾ ਕਾਰਨ ਬਣਦੀਆਂ ਹਨ ਬੇਅਸਰ ਕਰਦਾ ਹਾਂ ਅਤੇ ਇਸ ਦੀ ਬਜਾਇ, ਪਰਮੇਸ਼ੁਰ ਦੇ ਉਦੇਸ਼ਾਂ ਨੂੰ ਸਥਾਪਿਤ ਕਰਨ ਦਾ ਐਲਾਨ ਕਰਦਾ ਹਾਂ। ਸਲੀਬ ਦੇ ਕਾਰਨ, ਮੈਂ ਕੰਮ ਵਾਲੀ ਥਾਂ ਲਈ ਪਰਮੇਸ਼ੁਰ ਦੀ ਮੂਲ ਯੋਜਨਾ ਨੂੰ ਮੁੜ ਪ੍ਰਾਪਤ ਕਰਦਾ ਹਾਂ।*

## ਆਪਣੇ ਕੰਮ ਦੇ ਦਿਨ ਰਾਹੀਂ ਪਰਮੇਸ਼ੁਰ ਦੀ ਅਰਾਧਨਾ ਕਰੋ

ਜਦ ਕਿ ਤੁਹਾਡੇ ਆਲੇ-ਦੁਆਲੇ ਦੇ ਬਾਕੀ ਲੋਕ “ਧਨ ਦੇ ਦੇਵਤੇ” ਨਾਲ ਭਸਮ ਹੋ ਸਕਦੇ ਹਨ, ਕਿਸੇ ਵੀ ਤਰ੍ਹਾਂ ਲਗਾਤਾਰ ਧਨ ਦਾ ਪਿੱਛਾ ਕਰਦੇ ਹੋਏ, ਕੀ ਤੁਸੀਂ, ਆਪਣੇ ਦਿਨ ਦੇ ਦੌਰਾਨ ਉਸ ਦੀ ਅਰਾਧਨਾ ਕਰਨ ਅਤੇ ਉਸ ਦੀ ਹਜ਼ੂਰੀ ਦਾ ਤਜ਼ਰਬਾ ਕਰਨ ਦੀ ਕੋਸ਼ਿਸ਼ ਕਰੋਗੇ? ਕੀ ਤੁਸੀਂ ਦਿਨ ਭਰ ਆਪਣੇ ਕੰਮ ਵਾਲੀ ਥਾਂ ‘ਤੇ ਪਰਮੇਸ਼ੁਰ ਦੀ ਹਜ਼ੂਰੀ ਦੀ ਮੇਜ਼ਬਾਨੀ ਕਰੋਗੇ? ਕੀ ਤੁਸੀਂ ਆਪਣੇ ਕੰਮ

ਵਾਲੇ ਦਿਨ ਵਿੱਚ ਹਮੇਸ਼ਾਂ ਪਹਿਲਾਂ ਉਸ ਦੇ ਰਾਜ ਅਤੇ ਉਸ ਦੀ ਧਾਰਮਿਕਤਾ ਦੀ ਭਾਲ ਕਰਨ ਦਾ ਫ਼ੈਸਲਾ ਕਰੋਗੇ, ਇਹ ਜਾਣਦੇ ਹੋਏ ਕਿ ਦੂਸਰੀਆਂ ਸਾਰੀਆਂ ਵਸਤਾਂ ਤੁਹਾਨੂੰ ਦਿੱਤੀਆਂ ਜਾਣਗੀਆਂ (ਮੱਤੀ 6:33)?

ਅਜਿਹਾ ਕਰਨ ਦੇ ਕੁਝ ਤਰੀਕੇ ਇਹ ਹੋਣਗੇ ਕਿ ਦਿਨ ਭਰ ਤੁਸੀਂ ਆਪਣੇ ਮਨ ਦੇ ਅੰਦਰ ਅਕਸਰ ਪ੍ਰਾਰਥਨਾ ਕਰੋ। ਇਹ ਸਾਰਾ ਦਿਨ ਪਰਮੇਸ਼ੁਰ ਨੂੰ ਛੋਟੇ ਪ੍ਰਾਰਥਨਾ "ਟਵੀਟਸ" ਕਰਨ ਵਾਂਗ ਹੈ। ਪਰਮੇਸ਼ੁਰ ਨਾਲ ਉਸ ਬਾਰੇ ਗੱਲ ਕਰੋ ਜੋ ਤੁਸੀਂ ਕਰ ਰਹੇ ਹੋ-ਉਹ ਫੋਨ ਕਾਲ ਜੋ ਤੁਸੀਂ ਕਰਨ ਜਾ ਰਹੇ ਹੋ, ਉਹ ਮੀਟਿੰਗ ਜਿਸ ਵਿੱਚ ਤੁਸੀਂ ਜਾਣ ਵਾਲੇ ਹੋ, ਉਹ ਯੋਜਨਾ ਜਿਸ 'ਤੇ ਤੁਹਾਨੂੰ ਕੰਮ ਕਰਨ ਦੀ ਲੋੜ ਹੈ, ਵਿਕਰੀ ਟੀਚੇ ਜਿਹੜੇ ਤੁਹਾਨੂੰ ਪੂਰੇ ਕਰਨ ਦੀ ਲੋੜ ਹੈ, ਉਹ ਲੈਕਚਰ ਜੋ ਤੁਹਾਨੂੰ ਦੇਣ ਦੀ ਲੋੜ ਹੈ ...ਜੋ ਵੀ ਹੋਵੇ! ਹਰ ਛੋਟੀ-ਛੋਟੀ ਬਰਕਤ ਲਈ ਜੋ ਤੁਸੀਂ ਵੇਖਦੇ ਹੋ, ਹਰ ਚੰਗੀ ਚੀਜ਼ ਜੋ ਹੁੰਦੀ ਹੈ, ਉਨ੍ਹਾਂ ਲਈ ਜਿਨ੍ਹਾਂ ਨਾਲ ਤੁਸੀਂ ਕੰਮ ਕਰਦੇ ਹੋ, ਆਦਿ ਲਈ ਪਰਮੇਸ਼ੁਰ ਦਾ ਧੰਨਵਾਦ ਕਰੋ।

ਸਾਰਾ ਦਿਨ ਪਰਮੇਸ਼ੁਰ ਪ੍ਰਤੀ ਸੁਚੇਤ ਰਹੋ। ਜਦੋਂ ਵੀ ਹੋ ਸਕੇ, ਆਪਣੇ ਮਨ ਅੰਦਰ ਇੱਕ ਗੀਤ ਗੁਣਗੁਣਾਉਂਦੇ ਰਹੋ। ਆਪਣੇ ਆਪ ਵਿੱਚ ਗੱਲ ਕਰਦੇ ਰਹੋ ਜਾਂ ਗੁਣਗੁਣਾਉਂਦੇ ਰਹੋ *"ਜ਼ਬੂਰ ਅਤੇ ਭਜਨ ਅਤੇ ਆਤਮਿਕ ਗੀਤ ਗਾ ਕੇ ਇੱਕ ਦੂਏ ਨਾਲ ਗੱਲਾਂ ਕਰੋ ਅਤੇ ਮਨ ਲਾ ਕੇ ਪ੍ਰਭੂ ਲਈ ਗਾਉਂਦੇ ਵਜਾਉਂਦੇ ਰਿਹਾ ਕਰੋ ਅਤੇ ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ ਕਰੋ"* (ਅਫਸੀਆਂ 5:19,20)।

ਸਾਰਾ ਦਿਨ ਸ਼ਾਂਤੀ ਅਤੇ ਪਰਮੇਸ਼ੁਰ ਦੇ ਪ੍ਰੇਮ ਵਿੱਚ ਚੱਲੋ। ਸ਼ਾਂਤੀ ਵਿੱਚ ਚੱਲਣਾ ਅਤੇ ਪ੍ਰੇਮ ਵਿੱਚ ਚੱਲਣਾ "ਉਸ ਦੀ" ਹਜ਼ੂਰੀ ਵਿੱਚ ਚੱਲਣਾ ਹੈ। *"... ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਉਸ ਵਿੱਚ ਰਹਿੰਦਾ ਹੈ"* (1 ਯੂਹੰਨਾ 4:16)।

## ਅਰਾਧਨਾ ਅਤੇ ਕੰਮ ਇਸ ਤਰ੍ਹਾਂ ਕਰੋ ਜਿਵੇਂ ਪਰਮੇਸ਼ੁਰ ਦੇ ਲਈ ਕਰਦੇ ਹੋ

ਆਪਣੇ ਕੰਮ ਨੂੰ ਇੱਕ ਕੰਮ, ਇੱਕ ਜ਼ਰੂਰੀ ਬੁਰਾਈ, ਇੱਕ ਬੋਝ ਜੋ ਤੁਹਾਨੂੰ ਚੁੱਕਣਾ ਚਾਹੀਦਾ ਹੈ ਜਾਂ ਕੋਈ ਦੂਸਰੀ "ਦੁਨਿਆਵੀ" ਜਾਂ ਅਧਰਮੀ ਚੀਜ਼ ਵਜੋਂ ਨਾ ਵੇਖੋ। ਕੰਮ ਪਰਮੇਸ਼ੁਰ ਨੇ ਤਿਆਰ ਕੀਤਾ ਹੈ ਅਤੇ ਇਹ ਚੰਗੀ ਚੀਜ਼ ਹੈ। ਜਿੰਨਾ ਚਿਰ

ਤੁਸੀਂ ਉਹ ਕਰ ਰਹੇ ਹੋ ਜੋ ਪਰਮੇਸ਼ੁਰ ਤੁਹਾਡੇ ਤੋਂ ਕਰਵਾਉਣਾ ਚਾਹੁੰਦਾ ਹੈ, ਤੁਸੀਂ ਉਸ ਦੇ ਕੰਮ 'ਤੇ ਹੋ। ਤੁਸੀਂ ਪਰਮੇਸ਼ੁਰ ਦੀ ਇੱਛਾ ਪੂਰੀ ਕਰ ਰਹੇ ਹੋ। ਤੁਹਾਡਾ ਕੰਮ ਅਤੇ ਤੁਹਾਡੀ ਅਰਾਧਨਾ ਪਰਮੇਸ਼ੁਰ ਦੇ ਲਈ ਕੀਤੀ ਜਾਂਦੀ ਹੈ। ਜਦੋਂ ਤੁਸੀਂ ਅਰਾਧਨਾ ਕਰਦੇ ਹੋ, ਤਾਂ ਤੁਸੀਂ ਇਸ ਨੂੰ ਆਪਣੇ ਪੂਰੇ ਦਿਲ ਨਾਲ ਕਰਦੇ ਹੋ। ਇਸੇ ਤਰ੍ਹਾਂ, ਜਦੋਂ ਤੁਸੀਂ ਕੰਮ ਕਰਦੇ ਹੋ, ਤਾਂ ਇਸ ਨੂੰ ਆਪਣੇ ਪੂਰੇ ਦਿਲ ਨਾਲ ਕਰੋ ਜਿਵੇਂ ਪਰਮੇਸ਼ੁਰ ਦੇ ਲਈ ਕਰਦੇ ਹੋ।

**ਕੁਲੁੱਸੀਆਂ 3:23,24**
**23 ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਮਨੁੱਖਾਂ ਦੇ ਲਈ,**
**24 ਕਿਉਂਕਿ ਤੁਸੀਂ ਜਾਣਦੇ ਹੋ ਭਈ ਤੁਹਾਨੂੰ ਪ੍ਰਭੂ ਤੋਂ ਅਧਿਕਾਰ ਦਾ ਫਲ ਮਿਲੇਗਾ। ਤੁਸੀਂ ਮਸੀਹ ਪ੍ਰਭੂ ਦੀ ਸੇਵਾ ਕਰਦੇ ਹੋ।**

ਇਹ ਸੱਚ ਹੈ ਕਿ ਕੁਝ ਅਜਿਹੇ ਕੰਮ ਹੋ ਸਕਦੇ ਹਨ ਜਿਨ੍ਹਾਂ ਤੋਂ ਤੁਸੀਂ ਨਫ਼ਰਤ ਕਰਦੇ ਹੋ। ਤੁਹਾਨੂੰ ਕੁਝ ਅਜਿਹੇ ਕੰਮ ਦਿੱਤੇ ਜਾ ਸਕਦੇ ਹਨ ਜੋ ਲੱਗਦਾ ਹੈ ਕਿ ਤੁਹਾਨੂੰ ਕਿਤੇ ਨਹੀਂ ਲਿਜਾਅ ਰਹੇ ਹਨ। ਤੁਹਾਨੂੰ ਕੁਝ ਅਜਿਹੇ ਕੰਮ ਸੌਂਪੇ ਜਾ ਸਕਦੇ ਹਨ ਅਤੇ ਤੁਸੀਂ ਜਾਣਦੇ ਹੋ ਕਿ ਇਸ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਤੁਸੀਂ ਉਹ ਪ੍ਰਾਪਤ ਕਰ ਸਕੋ ਜੋ ਤੁਹਾਨੂੰ ਕਰਨ ਦੇ ਲਈ ਕਿਹਾ ਗਿਆ ਸੀ। ਤੁਹਾਡੇ ਕੋਲ ਨਾਸ਼ੁਕਰੇ ਮਾਲਕ ਹੋ ਸਕਦੇ ਹਨ ਜੋ ਕਦੇ ਵੀ ਤੁਹਾਡੇ ਕੰਮ ਦੀ ਪ੍ਰਸ਼ੰਸ਼ਾ ਨਹੀਂ ਕਰਦੇ। ਤੁਹਾਡੀਆਂ ਸਭ ਤੋਂ ਵਧੀਆ ਕੋਸ਼ਿਸ਼ਾਂ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ। ਕੰਮ ਵਾਲੀ ਥਾਂ 'ਤੇ ਸਾਨੂੰ ਸਾਰਿਆਂ ਨੂੰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪਰ, ਅਜਿਹੀਆਂ ਚੀਜ਼ਾਂ ਵਿਚਾਲੇ, ਕੀ ਤੁਸੀਂ ਪਰਮੇਸ਼ੁਰ ਵੱਲ ਵੇਖ ਸਕਦੇ ਹੋ ਅਤੇ ਜੋ ਕੁਝ ਵੀ ਤੁਹਾਨੂੰ ਕਰਨ ਲਈ ਸੌਂਪਿਆ ਗਿਆ ਹੈ ਉਹ ਖੁਸ਼ੀ ਵਾਲੇ ਅਤੇ ਧੰਨਵਾਦੀ ਦਿਲ ਨਾਲ ਕਰ ਸਕਦੇ ਹੋ ਜਿਵੇਂ ਪਰਮੇਸ਼ੁਰ ਦੇ ਲਈ ਕਰਦੇ ਹੋ? *"ਅਤੇ ਆਪਣੇ ਚਿਹਰੇ ਤੇ ਮੁਸਕਾਨ ਦੇ ਨਾਲ ਕੰਮ ਕਰੋ, ਹਮੇਸ਼ਾਂ ਇਹ ਧਿਆਨ ਵਿੱਚ ਰੱਖਦੇ ਹੋਏ ਕਿ ਕੋਈ ਫ਼ਰਕ ਨਹੀਂ ਪੈਂਦਾ ਭਾਵੇਂ ਕੋਈ ਵੀ ਹੁਕਮ ਦੇ ਰਿਹਾ ਹੋਵੇ, ਤੁਸੀਂ ਸੱਚਮੁੱਚ ਪਰਮੇਸ਼ੁਰ ਦੀ ਸੇਵਾ ਕਰ ਰਹੇ ਹੋ"* (ਅਫ਼ਸੀਆਂ 6:7)।

## ਕੰਮ 'ਤੇ ਪਰਮੇਸ਼ੁਰ ਤੁਹਾਡੇ ਨਾਲ ਹੈ

ਜਦੋਂ ਤੁਸੀਂ ਆਪਣੇ ਕੰਮ ਵਾਲੀ ਥਾਂ 'ਤੇ ਜਾਂਦੇ ਹੋ, ਤਾਂ ਤੁਸੀਂ ਉੱਥੇ ਇਕੱਲੇ ਨਹੀਂ ਜਾ ਰਹੇ ਹੁੰਦੇ ਹੋ। ਪਰਮੇਸ਼ੁਰ ਤੁਹਾਡੇ ਨਾਲ ਉੱਥੇ ਜਾ ਰਿਹਾ ਹੁੰਦਾ ਹੈ। ਤੁਸੀਂ ਉੱਥੇ ਉਸ

ਦੇ ਸੇਵਕ ਵਜੋਂ ਹੋ (ਅਫ਼ਸੀਆਂ 6:6)। ਪਰਮੇਸ਼ੁਰ ਤੁਹਾਡੇ ਕੰਮ ਵਾਲੀ ਥਾਂ 'ਤੇ ਪਵਿੱਤਰ ਆਤਮਾ ਦੁਆਰਾ ਤੁਹਾਨੂੰ ਸ਼ਕਤੀ, ਤੁਹਾਨੂੰ ਚੀਜ਼ਾਂ ਸਿਖਾਉਣ, ਤੁਹਾਡੇ ਲਈ ਚੀਜ਼ਾਂ ਨੂੰ ਪ੍ਰਗਟ ਕਰਨ, ਬੁੱਧੀ, ਸਮਝ, ਹੁਨਰ, ਪਰਕਾਸ਼, ਸੂਝ ਆਦਿ ਪ੍ਰਦਾਨ ਕਰਨ ਲਈ ਤੁਹਾਡੇ ਨਾਲ ਹੈ। ਉਹ ਯੋਜਨਾ ਬਣਾਉਣ, ਸਮੱਸਿਆਵਾਂ ਨੂੰ ਹੱਲ ਕਰਨ, ਲੋਕਾਂ ਵਿਚਾਲੇ ਝਗੜਿਆਂ ਨੂੰ ਨਿਪਟਾਉਣ, ਅੱਗੇ ਦੇ ਰਾਹ ਲਈ ਰਣਨੀਤੀ ਤਿਆਰ ਕਰਨ ਅਤੇ ਇਸ ਤਰ੍ਹਾਂ ਦੇ ਦੂਸਰੇ ਕੰਮਾਂ ਵਿੱਚ ਤੁਹਾਡੀ ਮਦਦ ਕਰਨ ਲਈ ਮੌਜੂਦ ਹੈ। ਇਸ ਲਈ, ਤੁਹਾਡੇ ਕੰਮ ਵਾਲੀ ਥਾਂ 'ਤੇ, ਕੀ ਤੁਸੀਂ ਉਸ ਨੂੰ ਸਵੀਕਾਰ ਕਰੋਗੇ, ਉਸ ਦੀ ਬੁੱਧੀ ਦੀ ਖੋਜ ਕਰੋਗੇ ਅਤੇ ਉਸ ਦੀਆਂ ਰਚਨਾਤਮਕ ਯੋਗਤਾਵਾਂ ਨੂੰ ਤੁਹਾਡੇ ਰਾਹੀਂ ਜ਼ਾਰੀ ਕਰਨ ਲਈ ਕਹੋਗੇ? ਕੀ ਤੁਸੀਂ ਆਪਣੇ ਆਪ ਨੂੰ ਪਰਮੇਸ਼ੁਰ ਨਾਲ ਸਾਂਝੇਦਾਰੀ ਕਰਦੇ ਹੋਏ ਅਤੇ ਉਸ ਨਾਲ ਮਿਲ ਕੇ ਉਹ ਕੰਮ ਕਰਦੇ ਹੋਏ ਦੇਖੋਗੇ ਜੋ ਤੁਹਾਨੂੰ ਤੁਹਾਡੇ ਕੰਮ ਵਾਲੀ ਥਾਂ 'ਤੇ ਕਰਨ ਲਈ ਸੌਂਪਿਆ ਗਿਆ ਹੈ? ਭਾਵੇਂ ਤੁਸੀਂ ਇੱਕ ਕਿਸਾਨ ਹੋ ਜਾਂ ਇੱਕ ਸਕੂਲ ਅਧਿਆਪਕ, ਇੱਕ ਵਪਾਰੀ ਜਾਂ ਇੱਕ ਵਿਕਰੇਤਾ ਜਾਂ ਜੋ ਵੀ ਤੁਸੀਂ ਕਰ ਰਹੇ ਹੋ, ਪਰਮੇਸ਼ੁਰ ਤੁਹਾਡੇ ਨਾਲ ਮਿਲ ਕੇ ਕੰਮ ਕਰਨਾ ਚਾਹੁੰਦਾ ਹੈ!

## ਇੱਕ ਆਮ ਨਤੀਜ਼ੇ ਵਜੋਂ ਫਲਣ, ਵਧਣ ਅਤੇ ਵਾਧੇ ਦੀ ਉਮੀਦ ਕਰੋ

ਕਿਉਂਕਿ ਤੁਸੀਂ ਪਰਮੇਸ਼ੁਰ ਨਾਲ ਨੇਮ ਵਿੱਚ ਹੋ ਅਤੇ ਪਰਮੇਸ਼ੁਰ ਨੇ ਤੁਹਾਨੂੰ ਮੁਬਾਰਕ ਘੋਸ਼ਿਤ ਕੀਤਾ ਹੈ, ਫਲਣ, ਵਧਣ ਅਤੇ ਵਾਧੇ ਦੀ ਉਮੀਦ ਕਰੋ। ਇਸ ਬਾਰੇ ਜੋ ਕਹਿਣ ਦੀ ਲੋੜ ਹੈ, ਉਸ ਵਿੱਚੋਂ ਜ਼ਿਆਦਾਤਰ ਅਸੀਂ ਪਿੱਛਲੇ ਅਧਿਆਇ ਵਿੱਚ ਵੇਖ ਚੁੱਕੇ ਹਾਂ।

- ਤੁਹਾਡੀ ਜ਼ਮੀਨ (ਕੰਮ ਵਾਲੀ ਥਾਂ) ਮੁਬਾਰਕ ਹੈ।
- ਤੁਹਾਡੇ ਹੱਥਾਂ ਦੇ ਸਾਰੇ ਕੰਮ ਮੁਬਾਰਕ ਹਨ।
- ਪਰਮੇਸ਼ੁਰ ਧਨ ਕਮਾਉਣ ਦਾ ਬਲ ਦਿੰਦਾ ਹੈ
- ਤੁਹਾਡੇ ਖਾਣ ਵਾਲੇ ਨੂੰ ਝਿੜਕਿਆ ਗਿਆ ਹੈ ਅਤੇ ਉਹ ਤੁਹਾਡੀ ਮਿਹਨਤ ਦੇ ਫਲ ਨੂੰ ਨਾਸ਼ ਨਹੀਂ ਕਰ ਸਕਦਾ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕਦੇ ਵੀ ਅਸਫ਼ਲਤਾ ਜਾਂ ਰੁਕਾਵਟਾਂ ਜਾਂ ਨਿਰਾਸ਼ਾਵਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਹ ਗੱਲਾਂ

ਹੋਣਗੀਆਂ। ਪਰ, ਤੁਸੀਂ ਇਨ੍ਹਾਂ ਸਭ ਚੀਜ਼ਾਂ ਦੇ ਬਾਵਜੂਦ ਉੱਠਣ ਦਾ ਵਿਸ਼ਵਾਸ ਅਤੇ ਹਿੰਮਤ ਰੱਖ ਸਕਦੇ ਹੋ ਕਿਉਂਕਿ ਤੁਸੀਂ ਜਾਣਦੇ ਹੋ ਕਿ ਤੁਸੀਂ ਪਰਮੇਸ਼ੁਰ ਨਾਲ ਨੇਮ ਵਿੱਚ ਹੋ ਅਤੇ ਪਰਮੇਸ਼ੁਰ ਹਾਲੇ ਵੀ ਤੁਹਾਡੇ ਵੱਲ ਹੈ। ਸਥਿਤੀ ਭਾਵੇਂ ਜੋ ਵੀ ਹੋਵੇ, ਤੁਸੀਂ ਅਜੇ ਵੀ ਵਿਸ਼ਵਾਸ ਅਤੇ ਹਿੰਮਤ ਨਾਲ ਭਰੇ ਹੋਏ ਹੋ ਅਤੇ ਤੁਸੀਂ ਉਮੀਦ ਕਰਦੇ ਰਹਿੰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਫਲਣ, ਵਧਣ ਅਤੇ ਵਾਧੇ ਵੱਲ ਲੈ ਕੇ ਜਾਵੇਗਾ ਅਤੇ ਉਹ ਜ਼ਰੂਰ ਲੈ ਕੇ ਜਾਵੇਗਾ!

ਸਭ ਤੋਂ ਮਾੜੇ ਸਮਿਆਂ ਵਿੱਚ, ਉਸ ਨੇ ਤੁਹਾਡੀ ਦੇਖਭਾਲ ਕਰਨ ਦਾ ਵਾਅਦਾ ਕੀਤਾ ਹੈ।

**ਜ਼ਬੂਰ 33:18,19**
**18 ਵੇਖੋ, ਯਹੋਵਾਹ ਦੀ ਨਿਗਾਹ ਆਪਣੇ ਭੈਅ ਮੰਨਣ ਵਾਲਿਆਂ ਦੇ ਉੱਤੇ ਹੈ,**
**ਉਨ੍ਹਾਂ ਉੱਤੇ ਜਿਹੜੇ ਉਸ ਦੀ ਦਯਾ ਨੂੰ ਉਡੀਕਦੇ ਹਨ,**
**19 ਭਈ ਉਨ੍ਹਾਂ ਦੀ ਜਾਨ ਮੌਤ ਤੋਂ ਛੁਡਾਵੇ,**
**ਅਤੇ ਕਾਲ ਵਿੱਚ ਉਨ੍ਹਾਂ ਨੂੰ ਜੀਉਂਦਿਆਂ ਰੱਖੇ।**

**ਜ਼ਬੂਰ 37:18,19**
**18 ਯਹੋਵਾਹ ਪੂਰਨ-ਪੁਰਖਾਂ ਦੇ ਦਿਨ ਜਾਣਦਾ ਹੈ,**
**ਅਤੇ ਉਨ੍ਹਾਂ ਦਾ ਅਧਿਕਾਰ ਸਦਾ ਤੀਕ ਰਹੇਗਾ।**
**19 ਓਹ ਬੁਰੇ ਸਮੇਂ ਦੇ ਵਿੱਚ ਸ਼ਰਮਿੰਦੇ ਨਾ ਹੋਣਗੇ,**
**ਅਤੇ ਕਾਲ ਦੇ ਦਿਨਾਂ ਵਿੱਚ ਓਹ ਰੱਜ ਕੇ ਖਾਣਗੇ।**

## ਤੁਹਾਡਾ ਕੰਮ ਮਜ਼ੇਦਾਰ, ਅਨੰਦ ਦੀ ਚੀਜ਼ ਹੋਵੇ

ਪਰਮੇਸ਼ੁਰ ਨੇ ਕੰਮ ਨੂੰ ਅਜਿਹਾ ਬਣਾਇਆ ਹੈ ਜਿਸ ਨੂੰ ਕਰਨ ਵਿੱਚ ਸਾਨੂੰ ਅਨੰਦ ਆਵੇਗਾ। ਪਰਮੇਸ਼ੁਰ ਨੂੰ ਤੁਹਾਨੂੰ ਕੰਮ ਵਾਲੀ ਥਾਂ 'ਤੇ ਸਥਾਪਿਤ ਕਰਨ ਲਈ ਕਹੋ ਜਿੱਥੇ ਤੁਸੀਂ ਉਹ ਵੱਧ ਤੋਂ ਵੱਧ ਕਰ ਸਕਦੇ ਹੋ ਜੋ ਉਸ ਨੇ ਤੁਹਾਨੂੰ ਕਰਨ ਦੇ ਲਈ ਬਣਾਇਆ ਹੈ। ਇਹ ਉਹ ਥਾਂ ਹੈ ਜਿੱਥੇ ਤੁਸੀਂ ਪ੍ਰਫੁੱਲਿਤ ਹੋਵੋਗੇ ਅਤੇ ਜੋ ਤੁਸੀਂ ਕਰ ਰਹੇ ਹੋ ਉਸ ਦਾ ਅਨੰਦ ਮਾਣੋਗੇ। ਜੋ ਤੁਸੀਂ ਕਰ ਰਹੇ ਹੋ ਉਸ ਵਿੱਚ ਵਧਦੇ ਰਹੋ। ਬਦਲਾਅ ਕਰਨ ਅਤੇ ਉਨ੍ਹਾਂ ਨਵੀਆਂ ਚੀਜ਼ਾਂ ਵਿੱਚ ਬਦਲਾਅ ਕਰਨ ਤੋਂ ਨਾ ਡਰੋ ਜੋ ਉਹ ਤੁਹਾਡੇ ਉੱਤੇ ਪ੍ਰਗਟ ਕਰਨਾ ਚਾਹੁੰਦਾ ਹੈ। ਪਰਮੇਸ਼ੁਰ ਦੇ ਅਨੰਦ ਨੂੰ ਆਪਣੇ ਦਿਲ ਵਿੱਚ ਕੰਮ ਵਾਲੀ ਥਾਂ ਤੇ ਲੈ ਜਾਓ। ਤੁਸੀਂ ਜੋ ਕਰ ਰਹੇ ਹੋ ਉਸ

ਦਾ ਅਨੰਦ ਲਓ। ਆਪਣੇ ਕੰਮ ਵਾਲੀ ਥਾਂ ‘ਤੇ ਉਸ ਦੀ ਭਲਿਆਈ ਦਾ ਜਸ਼ਨ ਮਨਾਓ।

ਜਦੋਂ ਤੁਸੀਂ ਆਪਣੇ ਕੰਮ ਵਿੱਚ ਅਸੰਤੁਸ਼ਟੀ, ਬੇਚੈਨੀ ਆਦਿ ਮਹਿਸੂਸ ਕਰਦੇ ਹੋ, ਤਾਂ ਇਸ ਬਾਰੇ ਪਰਮੇਸ਼ੁਰ ਨਾਲ ਗੱਲ ਕਰਨ ਲਈ ਸਮਾਂ ਕੱਢੋ। ਕਦੇ-ਕਦੇ, ਸਾਨੂੰ ਸਿਰਫ਼ ਰਵੱਈਏ ਨੂੰ ਸੁਧਾਰਨ-ਆਪਣੇ ਕੰਮ ਦੇ ਪ੍ਰਤੀ ਸਾਡੇ ਦਿਲਾਂ ਵਿੱਚ ਬਦਲਾਅ ਕਰਨ - ਦੀ ਲੋੜ ਹੋ ਸਕਦੀ ਹੈ। ਇਹ ਸੰਭਵ ਹੈ ਕਿ ਕਈ ਵਾਰ, ਅਸੰਤੁਸ਼ਟੀ ਇਸ ਗੱਲ ਦਾ ਇੱਕ ਸੂਚਕ ਹੋ ਸਕਦੀ ਹੈ ਕਿ ਬਦਲਾਅ ਜ਼ਰੂਰੀ ਹੈ। ਪਰਮੇਸ਼ੁਰ ਦਾ ਰਾਹ ਭਾਲੋ ਅਤੇ ਉਸ ਦੇ ਨਾਲ ਚੱਲੋ। ਅਨੰਦ ਦੇ ਸਥਾਨ ਵਿੱਚ ਰਹੋ!

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ ‘ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***“ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ”*** (ਰੋਮੀਆਂ 6:23)। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

*"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।

*"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org 'ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- ਕਿਸ਼ੋਰਾਂ ਲਈ
- ਵਿਅਕਤੀਗਤ ਤਬਦੀਲੀਆਂ
- ਰਿਸ਼ਤਿਆਂ ਦੀਆਂ ਚੁਣੌਤੀਆਂ
- ਵਿੱਦਿਅਕ ਘੱਟ ਪ੍ਰਾਪਤੀਆਂ
- ਕੰਮਕਾਜੀ ਮੁੱਦੇ
- ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ
- ਮਾਪੇ / ਬੱਚੇ / ਭੈਣ–ਭਰਾ / ਹਾਣੀ
- ਵਿਹਾਰ ਵਿੱਚ ਗੜਬੜੀਆਂ
- ਸ਼ਖਸੀਅਤ ਸੰਬੰਧੀ ਗੜਬੜੀਆਂ
- ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ
- ਤਨਾਅ / ਸਦਮਾ
- ਸ਼ਰਾਬਖੋਰੀ / ਨਸ਼ਾਖੋਰੀ
- ਆਤਮਿਕ ਮੁੱਦੇ
- ਜੀਵਨ ਸਿਖਲਾਈ

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ:** chrysalislife.org
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ:** counselor@chrysalislife.org

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore – 560043, Karnataka, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**


## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ apcbiblecollege.org ਵੇਖੋ।

ਪਤਨ ਦਾ ਅਸਰ ਕੰਮ ਵਾਲੀ ਥਾਂ ਤੇ ਪਿਆ। ਕੰਮ ਵਾਲੀ ਥਾਂ ਨੂੰ ਸਰਾਪ ਦਿੱਤਾ ਗਿਆ ਸੀ। ਫਲ ਦਾ ਅਨੰਦ ਲੈਣ ਲਈ ਪਸੀਨਾ ਵਹਾਉਣਾ, ਮਿਹਨਤ ਮੁਸ਼ੱਕਤ ਕਰਨੀ ਪੈਣੀ ਸੀ। ਅਤੇ ਇਹ ਇੱਕ ਵਿਅਕਤੀ ਦੇ ਜੀਵਨ ਵਿੱਚ ਜ਼ਿੰਦਗੀਭਰ ਜਾਰੀ ਰਹਿਣਾ ਸੀ।

ਵਿਸ਼ਵਾਸੀ ਹੋਣ ਦੇ ਨਾਤੇ, ਅਸੀਂ ਛੁਟਕਾਰਾ ਪਾਏ ਲੋਕ ਹਾਂ ਜੋ ਪਰਮੇਸ਼ੁਰ ਨਾਲ ਨੇਮ ਵਿੱਚ ਹਨ ਹਾਲਾਂਕਿ ਅਸੀਂ ਇੱਕ ਪਤਿਤ ਸੰਸਾਰ ਵਿੱਚ ਰਹਿੰਦੇ ਹਾਂ। ਇਸ ਲਈ, ਇਹ ਸੱਚ ਹੈ ਕਿ ਅਸੀਂ ਉਸ ਬੁਰਾਈ ਦਾ ਸਾਹਮਣਾ ਕਰਾਂਗੇ ਜੋ ਇਸ ਸੰਸਾਰ ਵਿੱਚ ਹੈ। ਪਰ, ਅਸੀਂ ਇੱਥੇ ਪ੍ਰਭੂ ਦੇ ਛੁਡਾਏ ਹੋਏ ਲੋਕਾਂ ਦੇ ਰੂਪ ਵਿੱਚ-ਨਵੇਂ ਨੇਮ ਦੇ ਲੋਕਾਂ ਦੇ ਰੂਪ ਵਿੱਚ ਰਹਿਣ ਲਈ ਹਾਂ, ਜਿਨ੍ਹਾਂ ਦੇ ਜੀਵਨ ਵਿੱਚ ਸਲੀਬ ਦੀ ਸ਼ਕਤੀ ਕੰਮ ਕਰ ਰਹੀ ਹੈ। ਇਸ ਲਈ, ਹਰ ਰੋਜ਼, ਜਦੋਂ ਅਸੀਂ ਆਪਣੇ ਕੰਮ ਵਾਲੀ ਥਾਂ ਤੇ ਜਾਂਦੇ ਹਾਂ, ਸਾਨੂੰ ਸਾਡੇ ਕੰਮ, ਸਾਡੇ ਕੰਮ ਵਾਲੀ ਥਾਂ ਅਤੇ ਸਾਡੇ ਕੰਮਕਾਜੀ ਜੀਵਨ ਨੂੰ ਪ੍ਰਭਾਵਿਤ ਕਰਨ ਲਈ ਸਲੀਬ ਦੀ ਛੁਡਾਉਣ ਵਾਲੀ ਸ਼ਕਤੀ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ। ਸਲੀਬ ਦੇ ਕਾਰਨ, ਅਸੀਂ ਕੰਮ ਵਾਲੀ ਥਾਂ ਦੇ ਲਈ ਪਰਮੇਸ਼ੁਰ ਦੀ ਮੂਲ ਯੋਜਨਾ ਨੂੰ ਮੁੜ ਪ੍ਰਾਪਤ ਕਰ ਸਕਦੇ ਹਾਂ।

**All Peoples Church & World Outreach**
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org